# ਅੰਮ੍ਰਿਤ ਕੀਰਤਨ

ਦਸੰਬਰ 2017





ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-

# ਕਰਨ ਕਰਾਵਨਹਾਰ ਸੁਆਮੀ

ਕਰਨ ਕਰਾਵਨ ਵਾਲਾ ਆਪੇ,
ਦੱਸੋ ਮੇਰਾ ਕੀ ਕਸੂਰ।

ਜੋਈ ਕਰਾਵੇ ਸੋਈ ਕਰਦਾ
ਚਾਕਰ ਦਾ ਦਸਤੂਰ।

ਫਿਰ ਭੀ ਲੇਖਾ ਮੰਗੇ ਸਾਥੋਂ,
ਇਸਦੀ ਸਮਝ ਨ ਆਵੇ।

ਖੋਲ ਕਪਾਟ ਰਮਜ਼ ਤੂੰ ਦਸਦੇ,
ਸੰਤੋਖ ਦਰ ਤੇ ਖੜਾ ਹਜ਼ੂਰ।



करन करावन वाला आपे,
दसो मेरा की कसूर।

जोई करावे सोई करदा,
चाकर दा दस्तूर।

फिर भी लेखा मंगे साथों
इस दी समझ न आवे।

खोल कपाट रमज़ तूं दसदे,
संतोख दर ते खडा हजूर।

**ਪੁਸਤਕ ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਨਵਤੇਜ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ 'ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ–


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ਸੈਕਟਰ 15–ਏ, ਚੰਡੀਗੜ੍ਹ 160 015

ਫੋਨ : 0172-2772660, 098140 53630

e-mail: drjagirsingh@gmail.com

Website : www.amritkirtan.com



Typesetting & Design

ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼,

ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ

ਫੋਨ : 0172-2216283, 98150-72197


## ਇਸ ਅੰਕ ਵਿਚ


ਸੰਪਾਦਕੀ : ਕਰਉ ਬੇਨੰਤੀਆ 4

**ਆਤਮਿਕ ਸੰਗੀਤ ਕੀਰਤਨ ਦਾ ਸਰੂਪ ਤੇ ਸਥਾਨ**
**ਪ੍ਰਿੰ ਹਰਭਜਨ ਸਿੰਘ** 6

**ਅਦੁੱਤੀ ਸ਼ਖਸੀਅਤ ਭਾਈ ਸਮੁੰਦ ਸਿੰਘ ਜੀ** 17
**ਪ੍ਰਿੰ ਦਿਆਲ ਸਿੰਘ**

**ਰਾਗੀ ਜੱਥਾ ਭਾਈ ਸੁੱਧ ਸਿੰਘ ਪ੍ਰਧਾਨ ਸਿੰਘ**
**ਕੁਲਦੀਪ ਸਿੰਘ ਹਉਰਾ** 20

**ਰਾਗਾਂ ਦੇ ਵਾਦੀ ਸੰਵਾਦੀ ਸੁਰ**
**ਗੁਰਬਖ਼ਸ਼ ਸਿੰਘ** 22

**ਸੁਰ ਲਿਪੀ – ਰਾਗ ਮਧੁਵੰਤੀ** 25
**ਗੁਰਬਖ਼ਸ਼ ਸਿੰਘ**



ਮਾਇਕ ਸਹਾਇਤਾ ਭੇਜਣ ਲਈ

**ਚੈੱਕ ਜਾਂ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ। ਜਾਂ State Bank of India, Sector 22-B, Chandigarh ਵਿਚ Amrit Kirtan Trust A/c 65079603302, IFSC:SBIN0050240 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਨਾਮ ਅਤੇ ਐਡਰੈੱਸ ਜ਼ਰੂਰ ਸੂਚਿਤ ਕਰੋ ਜੀ ਤਾਂ ਜੋ ਅਸੀਂ ਰਸੀਦ ਕੱਟ ਸਕੀਏ।**

Donations to AMRIT KIRTAN TRUST are eligible for relief u/s 80 G of Income-Tax Act, 1961 (43 of 1961) vide CIT/- I/ CHD/ Tech./ 80-G/ 2008-939 dated 19-05- 2008 valid up to 31/03/2012 and now valid in perpetuity.

Cheques should be sent in the name of AMRIT KIRTAN TRUST payable at Chandigarh. Donations also can be sent by money order

# ਕਰਉ ਬੇਨੰਤੀਆ

## ਆਤਮਿਕ ਸੰਗੀਤ

;ਗੀਤ ਅਤੇ ਕੀਰਤਨ ਦੀ ਮਹਿਮਾ ਬਾਰੇ ਸੋਚਦਿਆਂ ਕਈ ਵਾਰੀ ਵਿਸਮਾਦ ਵਾਲੀ ਅਵਸਥਾ ਆ ਜਾਂਦੀ ਹੈ। ਇਹ ਲੇਖ ਤੁਹਾਨੂੰ ਜ਼ਰੂਰ ਵਿਸਮਾਦਿਤ ਕਰੇਗਾ। ਇਹ ਲੇਖ ਪੜ੍ਹ ਕੇ ਸੰਗੀਤ ਅਤੇ ਕੀਰਤਨ ਦੇ ਡੂੰਘੇ ਰਹੱਸ ਸਮਝ ਆਉਂਦੇ। B.Meaning and the Song of the Soul

by Llewellyn Vaughan-Lee, February 2016

First published in Excellence Reporter.

Meaning is what calls from the depths of the soul.

It is the song that sings us into life. Whether we have a meaningful life depends upon whether we can hear this song, this primal music of the sacred. The “sacred” is not something primarily religious or even spiritual. It is not a quality we need to learn or to develop. It belongs to the primary nature of all that is. When our ancestors knew that everything they could see was sacred, this was not something taught but instinctively known. It was as natural as sunlight, as necessary as breathing. It is a fundamental recognition of the wonder, beauty and divine nature of the world. And from this sense of the sacred, real meaning is born, the meaning that makes our hearts sing with the deepest purpose of being alive.

Sadly, today so much of life is covered in distractions, in the addictions of consumerism. The soul’s music is not easy to hear amidst life’s constant clamor, and wonder and mystery have become more and more inaccessible. As a culture we seem to have lost the thread that connects the worlds together: the inner world from which meaning is born, and the outer world where we spend our days. The stories of the soul are no longer told, instead our dreams have become the desires of materialism. Even spirituality is often sold in the marketplace, another drug that promises to placate us, to cover the growing anxiety that something essential is missing.

To find meaning we have to reclaim our sense of the sacred, something our culture appears to have overlooked or forgotten. The sacred is an

essential quality of life. It connects us to our own soul and the divine that is the source of all that exists.

The sacred can be found in any form: a small stone or a mountain, the first cry of a newborn child and the last gasp of a dying person. It can be present in a loaf of bread, on a table, waiting for a meal, and in the words that bless the meal. The remembrance of the sacred is like a central note within life. Without this remembrance something fundamental to our existence is missing. Our daily life lacks a basic nourishment, a depth of meaning. When we feel this music, when we sense this song, we are living our natural connection with the Earth and all of life. Meaning is not something that belongs to us, rather our life becomes “meaningful” when we live this connection, when we feel it under our feet as we walk down the street, in the scent of a flower, in rain falling. I am very fortunate in that I live in nature. Early each morning as I walk beside the wetlands—maybe glimpsing an egret, white in the dawn light—I feel this simple connection: how the Earth breathes together with me, how it speaks the language of the soul and of life’s mystery. Here meaning is as simple as apple blossoms breaking open, as a young hawk, its feathers still downy, the fog lifting across the water.

We are all part of one living being we call the Earth, magical beyond our understanding. She gives us life and her wonder nourishes us. In her being the worlds come together. Her seeds give us both bread and stories. For centuries the stories of seeds were central to humanity, myths told again and again—stories of rebirth, life recreating itself in the darkness. Now we have almost forgotten these stories. Instead, stranded in our separate, isolated selves we do not even know how hungry we have become. We have to find a way to reconnect with what is essential—to learn once again how to walk in a sacred manner, how to cook with love and prayers, how to give attention to simple things. We need to learn to welcome life in all its colors and fragrances, to say “yes” again and again. Then life will give us back the connection to our own soul, and once more we will hear its song. Then meaning will return as a gift and a promise. And something within our own heart will open and know that we have come home.

https://workingwithoneness.org/articles/meaning-and-the-song-of-the-soul/

ਇਹ ਲੇਖ ਪੜ੍ਹਦਿਆਂ ਗੁਰਬਾਣੀ ਵਿੱਚ ਗਾਇਨ ਬਾਰੇ ਹੋਰ ਸਮਝ ਪੈਂਦੀ ਜਾਪਦੀ ਹੈ।-----ਭੁੱਲ ਚੁੱਕ ਖਿਮਾ----

ਜਾਗੀਰ ਸਿੰਘ

# ਕੀਰਤਨ ਦਾ ਸਰੂਪ ਤੇ ਸਥਾਨ

ਪ੍ਰਿੰ. ਹਰਿਭਜਨ ਸਿੰਘ

ਅਕਾਲ ਪੁਰਖ ਵਾਹਿਗੁਰੂ ਵਲੋਂ ਪਠਾਏ ਗੁਰੂ ਸਾਹਿਬਾਨ ਨੇ ਆਮਦ ਉਤੇ ਧੁਰੋਂ ਆਈ ਖਸਮ ਦੀ ਬਾਣੀ ਨੂੰ, ਰਾਗਾਂ ਵਿਚ ਉਚਾਰਿਆ ਤੇ ਗਾਇਣ ਕੀਤਾ। ਸੋ, ਉਚਿਤ ਹੈ ਕਿ 'ਕੀਰਤਨ ਦੇ ਸਰੂਪ ਤੇ ਸਥਾਨ' ਬਾਰੇ ਕੁਝ ਕਹਿਣ ਤੋਂ ਪਹਿਲਾਂ ਰਾਗ ਦੇ 'ਸਰੂਪ ਤੇ ਸਥਾਨ' ਸਬੰਧੀ ਸੰਖੇਪ ਤੌਰ ਉੱਤੇ ਕੁਝ ਬਿਨੈ ਕੀਤਾ ਜਾਵੇ.

ਸ੍ਰੀ ਗੁਰੂ ਨਾਨਕ ਦੇਵ ਜੀ ਜਦ ਸੋਦਰੁ ਦੀ ਪਉੜੀ ਵਿਚ 'ਘਟਿ ਘਟਿ ਵਾਜਹਿ ਨਾਦ' ਦੀ ਹਕੀਕਤ ਦਰਸਾਉਂਦੇ ਤੇ ਪਉਣ੍ਹ ਪਾਣੀ ਬੈਸੰਤਰ, ਸਿੱਧ-ਸਾਧਕ, ਪੰਡਤ, ਮਹਾਂਬਲੀ ਯੋਧੇ ਤੇ ਇੰਦਰ ਆਦਿਕ ਦੇਵਤੇ ਅਤੇ ਹੋਰ ਕੁਲ ਕਾਇਨਾਤ ਨੂੰ ਪ੍ਰਭੂ ਦਰ ਜਸ ਗਾਉਂਦੇ ਦਰਸਾਉਂਦੇ ਹਨ ਤਾਂ ਸੰਗੀਤ ਦੀ ਸਰਬ-ਪ੍ਰਿਯਤਾ ਤੇ ਵਿਆਪਕਤਾ ਹੋਰ ਵੀ ਨਿਖਰ ਕੇ ਸਾਹਮਣੇ ਆ ਸਾਕਾਰ ਹੁੰਦੀ ਹੈ।

ਜਪੁਜੀ ਦੀ ਸੋਲ੍ਹਵੀਂ ਪਉੜੀ ਵਿਚ ਇਕ ਥਾਂ ਗੁਰੂ ਜੀ ਨੇ ਕੁਦਰਤ ਵਿਚ ਵਰਤ ਰਹੀ ਇਕ ਸੁਰਤਾ ਅਥਵਾ ਨੇਮ-ਬਧ ਬੱਝਵੀਂ ਚਾਲ ਨੂੰ ਸੰਤੋਖ ਤੋਂ ਉਪਜੇ ਸੁਰ (ਜ਼ਬਤ) ਦਾ ਨਾਮ ਵੀ ਦਿੱਤਾ ਹੈ-'ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥' ਇਸ ਜ਼ਬਤ ਤੋਂ ਉਪਜੀ ਲੈਅ ਸੁਰ ਤੇ *ਤਾਲ ਵਿਚ ਕਾਦਰ ਦੀ ਕੁਲ ਰਚਨਾ ਸੰਗੀਤ-ਮਈ ਨਾਚ ਨਚ ਰਹੀ ਹੈ। ਕੁਝ ਉਂਵੇ ਹੀ ਜਿਵੇਂ ਪ੍ਰਭੂ-ਰੰਗ ਰਤਿਆਂ ਦੀ 'ਵੇਖਣ ਵਾਲੀ ਅੱਖ ਤੇ ਸੁਣਨ ਵਾਲੇ ਕੰਨਾਂ ਨੂੰ ਪਸ਼ੂ, ਪੰਛੀ ਮਿਰਗ ਅਤੇ ਮੱਛੀਆਂ ਆਦਿ ਜੀਵ ਹਰੀ ਜਾਪ ਜਪਦੇ ਦਿਸਦੇ ਅਥਵਾ ਸਭ ਘਟ ਰਾਮ ਬੋਲਦਾ ਪ੍ਰਤੀਤ ਹੁੰਦਾ ਹੈ :

> **ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ, ਸੁ ਬਿਨ ਹਰਿ ਜਾਪਤ ਹੈ ਨਹੀਂ ਹੋਰ॥** (ਮ:੪, ਪੰਨਾ ੧੨੬੫)
>
> ਤਥਾ-**ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥ ਰਾਮ ਬਿਨਾ ਕੋ ਬੋਲੈ ਰੇ॥**(ਭਗਤ ਨਾਮਦੇਵ, ਪੰਨਾ ੯੮੮)

ਰਾਗ ਅਥਵਾ ਸੰਗੀਤ ਦੀ ਸਰਬ-ਵਿਆਪਕਤਾ ਤੇ ਸੁਭਾਵਕਤਾ ਇਸ ਗੱਲ ਤੋਂ ਵੀ ਪ੍ਰਮਾਣਤ ਹੁੰਦੀ ਹੈ ਕਿ ਮਨੁੱਖ ਜਾਤੀ ਨੇ ਇਸ ਨੂੰ ਹਰ ਦੇਸ਼ ਤੇ ਕਾਲ ਵਿਚ ਆਪਣੇ ਆਪਣੇ ਰੰਗ-ਢੰਗ ਨਾਲ ਅਪਣਾਇਆ, ਅਤੇ ਸਿਵਾਏ ਇਸਲਾਮ ਦੇ, ਸਮੂਹ ਮਤਾਂ-ਮਤਾਂਤਰਾਂ ਵਲੋਂ ਹੀ ਇਸਨੂੰ ਸਦਾ ਮਾਨਤਾ ਪ੍ਰਾਪਤ ਰਹੀ ਹੈ। ਇਸਲਾਮ ਰਾਗ ਦਾ ਵਿਰੋਧ ਤੇ ਖੰਡਨ ਕਰਦਾ ਹੈ; ਪ੍ਰੰਤੂ ਉਥੇ ਵੀ ਬਾਂਗੀ ਨੂੰ 'ਖੁਸ਼ ਗੁਲੂ' ਹੋਣ ਦੀ ਹਦਾਇਤ ਹੈ। ਇਉਂ ਮੰਨ ਕੇ ਉਸ ਦੀ ਆਵਾਜ਼ ਵਿਚ ਸੁਰ, ਸੋਜ਼ ਤੇ ਲੈਅ ਨੂੰ ਪ੍ਰਵਾਨਿਆ ਗਿਆ ਹੈ। ਇਹੀ ਰਾਗ ਦੇ ਬੁਨਿਆਦੀ ਅੰਸ਼ ਹਨ।

ਮੁਸਲਿਮ ਸੂਫੀਆਂ ਸੰਤਾਂ ਨੇ ਨਾਤ ਤੇ ਕਵਾਲੀ ਦੇ ਰੂਪ ਵਿਚ ਰਾਗ ਨੂੰ ਰੱਜ ਕੇ ਅਪਣਾਇਆ ਹੈ। ਸਭ ਜਾਣਦੇ ਹਨ ਕਿ ਕਵਾਲੀ ਦੀ ਪ੍ਰਪਾਟੀ ਪਾਉਣ ਵਾਲਾ ਬਹੁ-ਪੱਖੀ ਵਿਦਵਾਨ ਅਮੀਰ ਖੁਸਰੋ ਸੀ। ਡਾਕਟਰ ਬਲਬੀਰ ਸਿੰਘ ਜੀ ਦੇ ਲੇਖ 'ਰਬਾਬ' ਵਿਚੋਂ ਇਹ ਟੂਕ ਇਸ ਸਬੰਧ ਵਿਚ ਦਿਲਚਸਪੀ ਦਾ ਕਾਰਨ ਹੋਵੇਗੀ:

'ਕੋਈ ਹਜ਼ਾਰ ਕੁ ਸਾਲ ਹੋ ਚੁਕਾ ਹੈ ਕਿ ਬੁਖਾਰੇ ਦੇ ਮੁਲਕ ਵਿਚ ਇਕ ਸਿਆਣਾ ਆਦਮੀ ਰਹਿੰਦਾ ਸੀ। ਇਸ ਦਾ ਨਾਮ ਅਬੂਨਾਸਰ ਸੀ। ਇਸ ਦਾ ਜੰਮ-ਪਲ ਫ਼ਾਰਾਬ ਸ਼ਹਿਰ ਦਾ ਸੀ। ਇਸ ਕਰ ਕੇ ਇਸ ਨੂੰ ਹਕੀਮ ਫ਼ਾਰਾਬੀ ਕਹਿੰਦੇ ਸਨ। ਹਕੀਮ ਫ਼ਾਰਾਬੀ ਕਈ ਇਕ ਵਿਦਯਾ ਦੇ ਹੁਨਰਾਂ ਦਾ ਮਾਲਕ ਸੀ। ਇਹ ਫਿਲਾਸਫਰ ਸੀ। ਗਵੰਯਾ ਸੀ, ਵਜੰਤ੍ਰੀ ਸੀ। ਇਸ ਦੀ ਜ਼ਿੰਦਗੀ ਬਹੁਤ ਸਾਦਾ ਸੀ। ਇਸ ਦੀ ਦਿਲਚਸਪੀ ਵਿਦਯਕ ਗੱਲਾਂ ਦੇ ਸਿਵਾਇ ਹੋਰ ਕਿਸੇ ਚੀਜ਼ ਵਿਚ ਨਹੀਂ ਸੀ। ਘਰ ਦਾ ਸਾਮਾਨ ਤੇ ਖ਼ਾਨਾਦਾਰੀ ਨਾਲ ਕੋਈ ਤਅੱਲੁਕ ਨਹੀਂ ਸੀ। ਕਪੜੇ ਵੀ ਮਾਮੂਲੀ ਤੇ ਆਪਣੇ ਲਗੇ ਮਾਹਵਾਰੀ ਵਜ਼ੀਫੇ ਵਿਚੋਂ ਵੀ ਸਿਰਫ ਚਾਰ ਦਿਰਮ ਰੱਖ ਕੇ ਬਾਕੀ ਦੀ ਰਕਮ ਮੋੜ ਦਿੰਦਾ ਸੀ। 'ਤਾਰੀਖ ਅਲਹੁਕਮਾ' ਵਿਚ ਇਸ ਦੇ ਰਾਗੀ ਹੋਣ ਦੀ ਇਕ ਅਜੀਬ ਹਕਾਇਤ ਲਿਖੀ ਹੈ : ਦੱਸਿਆ ਹੈ ਕਿ ਹਕੀਮ ਫਾਰਾਬੀ ਨੂੰ ਮਿਲਣ ਵਾਸਤੇ ਇਕ ਇਲਮ ਦੋਸਤ ਅਮੀਰ ਆਦਮੀ, ਬੜਾ ਉਤਾਵਲਾ ਸੀ। ਫਾਰਾਬੀ ਉਸ ਦੇ ਪਾਸ ਜਾਣੋਂ ਸੰਗਦਾ ਸੀ। ਇਕ ਦਿਨ ਅਮੀਰ ਆਪਣੀ ਮਹਿਫਲ-ਐਸ਼ ਵਿਚ ਬੈਠਾ ਸੀ ਕਿ ਹਕੀਮ ਫਾਰਾਬੀ ਉਥੇ ਆ ਗਿਆ, ਮਗਰ ਐਸ਼ ਤਰ੍ਹਾਂ ਕਿ ਬਹੁਤ ਬੁਰੀ

---

** ਹਿੰਦੂ ਵਿਚਾਰਧਾਰਾ ਵਿਚ ਹਰੀ ਨੂੰ ਨਟਰਾਜ (ਵਡਾ ਨਾਚ ਤੇ ਨਿਰਤਕਾਰੀ) ਮੰਨਿਆ ਹੈ। ਭਗਤ ਨਾਮਦੇਵ ਅਨੁਸਾਰ ਪ੍ਰੇਰਕ ਹਰੀ ਤੋਂ ਸਾਰੀ ਸ੍ਰਿਸ਼ਟੀ ਨਚ ਰਹੀ ਹੈ। ਹਰੀ ਆਪ ਵੀ ਇਸ ਵਿਚ ਇਵੇਂ ਨਚ ਰਿਹਾ ਹੈ, ਜਿਵੇਂ ਟਿੰਡਾਂ ਵਿਚ ਪਾਣੀ ਚਲਦਾ ਹੈ। ਪ੍ਰਭੂ ਨਾਇਕ (ਮਾਲਿਕ) ਤੋਂ ਬਿਨ੍ਹਾਂ ਹੋਰ ਕੁਝ ਨਹੀਂ। ਮਾਇਆ ਹਰੀ ਤੋਂ ਹੋਈ ਹੈ। ਇਸ ਲਈ ਜੋ ਮਾਇਆ ਦਾ ਹੈ, ਉਹ ਹਰੀ ਦਾ ਹੀ ਹੈ। ਜੀਵ ਰੂਪ ਗੋਪੀਆਂ ਇਕ ਤਾਲ ਨੱਚ ਰਹੀਆਂ ਹਨ। ਸਬੰਧਤ ਸ਼ਬਦ ਦੀਆਂ ਕੁਝ ਪੰਗਤੀਆਂ ਇਸ ਪ੍ਰਕਾਰ ਹਨ :*

*'ਕ੍ਰਿਸਨਾ ਤੇ ਜਾਨਉ ਹਰਿ ਹਰਿ ਨਾਚੰਤੀ ਨਾਚਨਾ॥*
*....ਹਰਿ ਕਾ ਬਾਗਰਾ, ਨਾਚੈ ਪਿੰਧੀ ਮਹਿ ਸਾਗਰਾ ॥ ॥ਰਹਾਉ॥*
*ਨਾਚੀ ਗੋਪੀ ਜਨਾ॥ ਨਈਆ ਤੇ ਬੈਰੇ ਕੰਨਾ॥*

*(ਗੁ: ਗ੍ਰੰਥ ਸਾਹਿਬ ਪੰਨਾ ੬੯੩)*

ਹਾਲਤ ਵਿਚ, ਮੈਲੇ ਤੇ ਫਟੇ ਕਪੜੇ ਪਾਏ ਹੋਏ, ਸਿਰ ਉਪਰ ਚਿਥੜੇ ਲਪੇਟੇ ਹੋਏ ਅਤੇ ਸੂਰਤ ਅਜੀਬ ਬਣਾਈ ਹੋਈ। ਮਹਿਫਲ ਵਾਲੇ ਪਹਿਲੇ ਤਾਂ ਦਰਵਾਨ ਨੂੰ ਗੁੱਸੇ ਹੋਏ ਕਿ ਐਸੇ ਆਦਮੀ ਨੂੰ ਅੰਦਰ ਕਿਉਂ ਆਉਣ ਦਿੱਤਾ। ਫੇਰ ਘਰ ਆਏ ਨਾਲ ਮਖੌਲ ਤੇ ਛੇੜਖਾਨੀ ਵਿਚ ਰੁਝ ਪਏ। ਫਾਰਾਬੀ ਨੇ ਆਪਣੀ ਬਗਲ ਵਿਚੋਂ ਇਕ ਵਾਜਾ ਕੱਢਿਆ ਤੇ, ਵਜਾਉਣ ਲੱਗਾ। ਸਾਜ਼ ਦੀ ਆਵਾਜ਼ ਸੁਣ ਕੇ ਮਹਿਫਲ ਵਾਲੇ ਹੱਸ ਪਏ। ਫੇਰ ਉਸ ਨੇ ਪਰਦਾ ਬਦਲ ਕੇ ਸਾਜ਼ ਵਜਾਇਆ ਤਾਂ ਉਹ ਸਾਰੇ ਰੋਣ ਲੱਗ ਪਏ। ਹੁਣ ਉਸ ਨੇ ਸਾਜ਼ ਦਾ ਪਰਦਾ ਫੇਰ ਬਦਲ ਦਿੱਤਾ। ਅਸਰ ਕੀ ਹੋਇਆ? ਕਿਤਾਬ 'ਮਸ਼ਾਹੀਰੇ ਆਲਮ' ਵਿਚ ਲਿਖਿਆ ਹੈ :

'ਔਰ ਤੀਸਰਾ ਪਰਦਾ ਬਦਲਨੇ ਕੇ ਬਾਅਦ ਤਮਾਮ ਮਜਲਸ ਗਾਫਲ ਅਰ ਮਦਹੋਸ਼ ਹੋ ਗਈ। ਹਕੀਮ ਨੇ ਏਕ ਬਾਜੇ ਪਰ ਅਪਨਾ ਨਾਮ ਲਿਖਾ ਔਰ ਤਹਰੀਰ ਕੀਆ ਕਿ 'ਤੁਮ ਕੋ ਫਾਰਾਬੀ ਕੋ ਮਿਲਨੇ ਕਾ ਸ਼ੌਕ ਥਾ, ਵਹੁ ਆਯਾ ਤੁਮ ਨੇ ਉਸ ਕੀ ਹੰਸੀ ਉਡਾਈ, ਅਬ ਫਾਰਾਬੀ ਤੁਮ ਕੋ ਹੰਸਾ, ਰੁਲਾ ਔਰ ਸੁਲਾ ਕਰ ਜਾਤਾ ਹੈ।'

ਏਸੇ ਬਗਦਾਦ ਵਿਚ ਗੁਰੂ ਬਾਬੇ ਦੇ ਜਾਣ ਦਾ ਜ਼ਿਕਰ ਭਾਈ ਗੁਰਦਾਸ ਜੀ ਨੇ ਕੀਤਾ ਹੈ:

**ਫਿਰਿ ਬਾਬਾ ਗਿਆ ਬਗਦਾਦ ਨੋ, ਬਾਹਰਿ ਜਾਇ ਕੀਆ ਅਸਥਾਨਾ ॥**

**ਇਕ ਬਾਬਾ ਅਕਾਲ ਰੂਪ, ਦੂਜਾ ਰਬਾਬੀ ਮਰਦਾਨਾ॥**

**ਦਿਤੀ ਬਾਂਗ ਨਿਮਾਜ ਕਰਿ, ਸੁੰਨ ਸਮਾਨਿ ਹੋਆ ਜਹਾਨਾ॥** (ਵਾਰ ੧-੩)

ਬਗਦਾਦ ਵਿਚ ਉਸ ਵੇਲੇ ਪੀਰ ਦਸਤਗੀਰ ਸੀ। ਜ਼ਮਾਨਾ ਤੁਅੱਸਬ ਦਾ ਸੀ। ਸ਼ਰ੍ਹਾ ਕਰੜੀ ਸੀ। ਰਾਗ ਹੁਕਮਨ ਬੰਦ ਸੀ, ਪਰ ਪੀਰ ਦਸਤਗੀਰ ਨੂੰ ਪਤਾ ਸੀ ਕਿ ਰਾਗ ਕੀ ਚੀਜ਼ ਹੈ ਤੇ ਇਸ ਦੇ ਅਸਰ ਵਿਚ ਕੀ ਕਰਾਮਾਤ ਹੈ । ਅਰਬੀ ਦੀਆਂ ਆਪਣੀਆਂ ਸੂਫੀ ਰਵਾਇਤਾਂ ਮੁਤਾਬਿਕ ਹੀ ਕਿਹਾ ਗਿਆ ਹੈ: 'ਰਾਗ ਅੱਲਾ ਦੀ ਆਵਾਜ਼ ਹੈ- ਇਹ ਉਸ ਦੀ ਸੱਦ ਹੈ। ਇਸ ਦਾ ਜਵਾਬ ਰੂਹ ਦੇਂਦੀ ਹੈ। ਉਹ ਜਵਾਬ ਸਮਾਧੀ ਦੀ ਗੜੂੰਦ ਹੈ।'

ਉਸ ਨੂੰ ਪਤਾ ਸੀ ਕਿ ਉਹਨਾਂ ਦਾ ਆਪਣਾ ਹੀ ਇਕ ਵੱਡਕਾ ਇਸ ਬਾਬਤ ਕੀ ਕਹਿ ਗਿਆ ਹੈ। ਇਸ ਵੱਡਕੇ ਦਾ ਨਾਮ 'ਸਿਮੂਨ ਮੋਹਿਬ' ਸੀ। ਸਿਮੂਨ ਸਾਹਿਬ ਨੇ ਕਿਹਾ :

'ਰਾਗ ਸੱਦ ਹੈ ਅੱਲ੍ਹਾ ਵਲੋਂ ਰੂਹ ਨੂੰ। ਰੂਹ ਜਵਾਬ ਇਸ ਸੱਦ ਨੂੰ ਕੀ ਹੈ? ਵਜਦ (ਵਿਸਮਾਦ) ਵਿਚ ਆ ਜਾਣਾ। ਗਸ਼ (ਮੂਰਛਾ) ਹੋ ਜਾਣੀ ਤੇ ਰੂਹ ਦਾ ਅੱਲ੍ਹਾ ਵਿਚ ਸਮਾ ਜਾਣਾ ਹੈ।'

ਉਨ੍ਹਾਂ ਦੀ ਇਸ ਅਰਬੀ ਲਿਖਤ ਦਾ ਅਨੁਵਾਦ ਅੰਗਰੇਜ਼ੀ ਵਿਚ ਇਸ ਪ੍ਰਕਾਰ ਹੈ :

Music is call from God, and ecstacy is the answer of the soul to the call, while swooning means the merging of Soul in God.

ਕੀਰਤਨ ਦਾ ਮਹੱਤਵ ਸਮਝਾਉਣ ਲਈ ਪੁਸਤਕ 'ਸਰੇਸ਼ਟ ਗੋਸ਼ਟੀਆਂ' ਵਿਚੋਂ, ਜੋ ਮੌਲਾਨਾ ਹਮੀਦ ਸ਼ਾਇਰ ਕਲੰਦਰੀ ਰਚਿਤ 'ਖੈਰੁਲ-ਮਜਾਲਸ' (੧੩੫੪-੫੫ਈ:) ਦਾ ਪੰਜਾਬੀ ਅਨੁਵਾਦ ਹੈ, ਇਹ ਹਵਾਲਾ ਵਾਚਣ ਯੋਗ ਹੈ : ਸਾਡੇ ਸ਼ੇਖ ਸਾਹਿਬ (ਹਜ਼ਰਤ ਨਜ਼ਾਮੁੱਦੀਨ ਔਲੀਆ) ਨੇ ਅਰਜ਼ ਕੀਤੀ;

'ਤੁੱਠੇ ਹੋ ਤਾਂ ਧਰਮ-ਮਾਰਗ ਵਿਚ ਅਡੋਲਤਾ ਦੀ ਬਖਸ਼ਿਸ਼ ਕਰ ਦਿਓ।'

ਸ਼ੇਖ ਫਰੀਦੁੱਦੀਨ ਨੇ ਫੁਰਮਾਇਆ, 'ਜਾ ਕੀਤੀ'।

....ਪਿਛੋਂ ਸ਼ੇਖ ਸਾਹਿਬ (ਨਜ਼ਾਮੁੱਦੀਨ ਔਲੀਆ) ਕਿਹਾ ਕਰਦੇ ਸਨ ਕਿ ਇਸ ਤੋਂ ਮਗਰੋਂ ਕਈ ਸਾਲ ਲੰਘਣ ਦੇ ਬਾਵਜੂਦ, ਮੈਨੂੰ ਇਹ ਪ੍ਰੇਸ਼ਾਨੀ ਰਹੀ ਕਿ ਉਸ ਸੁਭਾਗ ਘੜੀ, ਸਮਾਅ (ਨਿਰਤ ਤੇ ਰਾਗ) ਵਿਚ ਪ੍ਰਾਣ ਛੱਡਣ ਦੀ ਮੰਗ ਕਿਉਂ ਨਾ ਕੀਤੀ।

ਦਾਸ ਨੇ ਬੇਨਤੀ ਕੀਤੀ ਕਿ ਜੇ ਸ਼ੇਖ ਸਾਹਿਬ ਨੇ ਸਮਾਅ ਵਿਚ ਪ੍ਰਭੂ ਸਮੀਪਤਾ ਦੀ ਇੱਛਾ ਪ੍ਰਗਟਾਈ ਸੀ ਤਾਂ ਸਮਾਅ ਦਾ ਮਹਾਤਮ ਕਿਨਾ ਭਾਰਾ ਹੁੰਦਾ ਹੋਵੇਗਾ। ਇਸ ਉਤੇ ਜਨਾਬ ਖਾਜਾ ਸਾਹਿਬ ਨੇ ਇਹ ਤੁਕ ਉਚਾਰੀ :-

ਰਕਸ ਆਂ ਨ ਬਵਦ ਕਿ ਹਰ ਜ਼ਮਾਂ ਬਰਖੇਜ਼ੀ।

(ਭਾਵ-ਖਿਦ ਖਿਦ ਪਿਛੋਂ ਟਪਣਾ, ਭੁੜਕਣਾ ਨਿਰਤ (ਰਕਸ) ਨਹੀਂ ਅਖਵਾਉਂਦਾ)

ਭਾਰਤੀ ਸੰਗੀਤ ਦੇ ਆਰੰਭ ਆਦਿ ਬਾਰੇ ਅਤਿ ਸੰਖੇਪ ਤੌਰ ਤੇ ਕੁਝ ਕਹਿਣ ਤੋਂ ਪਹਿਲਾਂ ਅਸੀਂ ਇਸ ਬਾਰੇ ਪੱਛਮੀ ਮੱਤਾਂ ਤੇ ਵਿਦਵਾਨਾਂ ਦਾ ਰਾਗ ਸਬੰਧੀ ਦ੍ਰਿਸ਼ਟੀਕੋਣ ਵਰਣਨ ਕਰਨਾ ਉਚਿਤ ਜਾਤਾ ਹੈ :

(ੳ) ਵਿਦਵਾਨ ਕਾਰਲਾਇਲ ਨੇ ਰਾਗ ਨੂੰ ਫਰਿਸ਼ਤਿਆਂ ਦੀ ਬੋਲੀ ਕਹਿ ਕੇ ਸਤਿਕਾਰਿਆ ਹੈ। ਉਹ ਸੰਗੀਤ ਤੇ ਡੂੰਘਾ ਸੋਚਣ ਤੇ ਤੱਕਣ ਨੂੰ ਓਤ ਪੋਤ ਦੱਸਦੇ ਹੋਏ ਲਿਖਦੇ ਹਨ :-

"ਤੁਸੀਂ ਬਹੁਤ ਡੂੰਘਾ ਤੱਕੋ, ਅਤੇ ਤੁਹਾਡਾ ਏਵੇਂ ਤੱਕਣਾ ਸੰਗੀਤਕ ਹੋ ਜਾਵੇਗਾ। ਕੁਦਰਤ ਦਾ ਦਿਲ ਹਰ ਥਾਂ ਇਕ ਨਾਦ ਦੇ ਰੂਪ ਵਿਚ ਵੱਜ ਰਿਹਾ ਹੈ। ਪ੍ਰਤੂੰ ਤੁਸੀਂ ਇਸ ਨੂੰ ਮਾਣੋਗੇ ਤਦ ਹੀ ਤਾਂ, ਜੇ ਕਿਸੇ ਤਰ੍ਹਾਂ ਤੁਹਾਡੀ ਪਹੁੰਚ ਉਥੋਂ ਤੱਕ ਹੋ ਜਾਵੇ।

(Music is well said to be the speech of angles. Music and rhythm find their way into the secret places of the soul.)

(ਅ) 'ਸੰਗੀਤ ਨੂੰ ਆਤਮ ਅਥਵਾ ਪ੍ਰਮਾਤਮ ਡੂੰਘਾਈਆਂ

ਤੱਕ ਪਹੁੰਚਣ ਦਾ ਮਾਰਗ ਦੱਸਦੇ ਹੋਏ ਮਹਾਨ ਚਿੰਤਕ ਪਲੈਟੋ ਦੱਸਦੇ ਹਨ ਕਿ ਕੇਵਲ ਸੁਰ ਤੇ ਲੈਅ ਹੀ ਆਤਮਾ ਦੇ ਮਰਮ ਅਸਥਾਨਾਂ ਤਕ ਪਹੁੰਚ ਸਕਦੇ ਹਨ।'

(See deep enough and you see musically, the heart of nature being every where music, if you can only reach. *(Carlyle, Hero and Hero Worship)*.

(Music and rhythm find their way into the secret places of the Soul *(Plato, The Republic)*.

(ੲ) ਜਰਮਨ ਦੇ ਮਹਾਨ ਫਿਲਾਸਫਰ, ਗੋਇਟੇ ਨੇ, ਰਾਗ ਨੂੰ ਮਨ ਤੇ ਮਾਦੇ ਵਿਚ ਸੰਪਰਕ ਕਾਇਮ ਕਰਨ ਵਾਲੀ ਸ਼ੈ ਕਰਕੇ ਮੰਨਿਆ ਹੈ।

(ਸ) ਨਿਪੋਲੀਅਨ ਅਨੁਸਾਰ ਰਾਗ ਉਤੇਜਿਤ ਮਨੋ-ਭਾਵਾਂ ਨੂੰ ਸ਼ਾਂਤ ਕਰਨ ਦਾ ਸਾਧਨ ਹੈ।

(Music of all the liberal arts has the greatest influence over passions.- *Napoleon*)

(ਹ) ਜਿੱਥੇ ਵਿਦਵਾਨ ਹੰਟ ਨੇ ਸੰਗੀਤ ਨੂੰ ਦੁਖਿੰਦੇ ਮਨਾਂ ਦਾ ਦਾਰੂ ਕਰਕੇ ਮੰਨਿਆ ਹੈ, ਓਥੇ ਐਵਰ-ਬੈਂਕ ਦੇ ਵਿਚਾਰ ਵਿਚ ਇਹ ਸਾਡੇ ਮਨਾਂ ਉਤੇ ਦਿਨ ਰਾਤ ਪੈਂਦੀ ਵਿਕਾਰਾਂ ਦੀ ਮੈਲ ਨੂੰ ਨਾਲੋਂ ਨਾਲ ਧੋਣ ਦਾ ਵਸੀਲਾ ਹੈ।

(ਕ) ਵਿਦਵਾਨ ਕੋਂਗਰੀਵ ਤਾਂ ਏਥੋਂ ਤਕ ਜਾਂਦਾ ਹੈ ਕਿ ਰਾਗ ਵਿਚ ਵਹਿਸ਼ੀ ਮਨਾਂ ਨੂੰ ਸ਼ਾਂਤ ਤੇ ਪੱਥਰਾਂ ਨੂੰ ਨਰਮ ਕਰਨ ਅਤੇ ਓਕ ਵਰਗੇ ਅਝੁੱਕ ਬ੍ਰਿਛ ਨੂੰ ਝੁਕਾ ਦੇਣ ਦੀ ਸ਼ਕਤੀ ਹੈ।

(Music has charms to soothe the savage breast, to soften rock and bend the knotted oak. - *Congreve*)

(ਖ) ਮਹਾਨ ਜਰਮਨ ਚਿੰਤਕ, ਮਾਰਟਿਨ ਲੂਥਰ, ਰਾਗ ਨੂੰ ਰੱਬ ਦਾ ਇਕ ਅਤਿ ਸੁੰਦਰ ਤੇ ਪ੍ਰਭਾਵਸ਼ਾਲੀ ਦੇਣ ਮੰਨਦਾ ਹੈ ਤੇ ਸ਼ੈਤਾਨ ਨੂੰ ਇਸ ਦਾ ਇਸ ਲਈ ਕੱਟੜ-ਵਿਰੋਧੀ ਦਸਦਾ ਹੈ ਕਿ ਰਾਗ, ਦਿਲ ਤੋਂ ਗਮਾਂ ਦਾ ਭਾਰ ਲਾਹ ਸੁਟੱਣ ਅਤੇ ਉਸ ਨੂੰ ਮੰਦੇ ਵਿਚਾਰਾਂ ਦੀ ਖਿੱਚ ਤੇ ਮਾਰ ਤੋਂ ਬਚਾਅ ਸਕਣ ਦੀ ਸਮਰਥਾ ਰੱਖਦਾ ਹੈ।

(Music is one of the fairest and most glorious gifts of God to which "Satan" is a bitter enemy; because, it removes from the hearts the weight of sorrow and the fascination of evil thoughts - *Luther*)

(ਗ) ਚਟਿਓ ਬ੍ਰੀਐਂਡ ਨੇ ਸੰਗੀਤ ਨੂੰ ਪ੍ਰਾਰਥਨਾ ਦਾ ਬੱਚਾ ਅਤੇ ਧਰਮ ਦਾ ਸਾਥੀ ਕਰਕੇ ਸਨਮਾਨਿਆ ਹੈ।

(Music is the child of prayer, the companion of religion.- *Chateau Briand*)

(ਘ) ਮਹਾਨ ਕਵੀ ਕੀਟਸ ਨੇ ਤਾਂ ਸੰਗੀਤਕ-ਮੌਤ ਦੀ ਕਾਮਨਾ ਕਰਕੇ ਇਸ ਦਾ ਰੁਤਬਾ ਹੋਰ ਵੀ ਉਚੇਰਾ ਕਰ ਵਿਖਾਇਆ ਹੈ ਉਹ ਲਿਖਦਾ ਹੈ :

"ਮੈਨੂੰ ਸੰਗੀਤਕ ਮੌਤ ਬਖਸ਼ੋ, ਅਤੇ ਮੈਂ ਹੋਰ ਕਿਸੇ ਖੁਸ਼ੀ ਦੀ ਕਾਮਨਾ ਨਹੀਂ ਕਰਦਾ।"

(Let me have music dying and I ask for no more delight.-*Keats*)

**ਭਾਰਤੀ ਸੰਗੀਤ ਦੀ ਉਤਪਤੀ**

ਸੰਗੀਤ-ਕਲਾ ਜਿਥੇ ਬਹੁਤ ਪ੍ਰਾਚੀਨ, ਨਿਪੁੰਨ ਅਤੇ ਧਾਰਮਿਕ ਭਾਵਾਂ ਨਾਲ ਗੁੰਧੀ ਮੰਨੀ ਗਈਹੈ। ਉਥੇ ਉਸ ਦੀ ਉਤਪਤੀ ਬਾਰੇ ਇਹ ਭਿੰਨ ਭਿੰਨ ਵਿਚਰ ਵੀ ਦਿਲਚਸਪ ਦਾ ਕਾਰਨ ਹਨ:

1. ਸੰਗੀਤ ਦੀ ਉਤਪਤੀ ਸਭ ਤੋਂ ਪਹਿਲਾਂ ਵੇਦਾਂ ਦੇ ਨਿਰਮਾਤਾ ਬ੍ਰਹਮਾ ਜੀ ਤੋਂ ਮੰਨੀ ਗਈ ਹੈ। ਬ੍ਰਹਮਾ ਜੀ ਨੇ ਇਹ ਕਲਾ ਸ਼ਿਵ ਜੀ ਨੂੰ ਦਿਤੀ, ਅਤੇ ਸ਼ਿਵ ਜੀ ਨੇ ਸਰਸਵਤੀ ਦੇਵੀ ਨੂੰ।ਏਸੇ ਲਈ ਦੇਵੀ ਸਰਸਵਤੀ ਜੀ ਨੂੰ "ਵੀਣਾ ਪੁਸਤਕ ਧਾਰਨੀ" ਆਖ ਕੇ ਸੰਗੀਤ ਤੇ ਸਾਹਿਤ ਦੀ ਦਾਤੀ ਮੰਨਿਆ ਗਿਆ ਹੈ। ਸਰਸਵਤੀ ਜੀ ਤੋਂ ਸੰਗੀਤ ਕਲਾ ਦਾ ਗਿਆਨ ਨਾਰਦ ਜੀ ਨੂੰ ਪ੍ਰਾਪਤ ਹੋਇਆ, ਜਿਸ ਨੇ ਇਹ ਗਿਆਨ ਸਵਰਗ ਦੇ ਗੰਧਰਵਾਂ, ਕਿੰਨਰਾਂ ਤੇ ਅੱਪਛਰਾਵਾਂ ਨੂੰ ਸਿਖਾਇਆ, ਜਿਥੋਂ ਭਰਤ ਅਤੇ ਹਨੂੰਮਾਨ ਆਦਿ ਰਿਸ਼ੀਆਂ ਨੇ ਇਸਨੂੰ ਪ੍ਰਾਪਤ ਕਰਕੇ ਪ੍ਰਿਥਵੀ ਦੇ ਲੋਕਾਂ ਵਿੱਚ ਪ੍ਰਚਾਰਿਆ।

2. ਇਕ ਗ੍ਰੰਥਾਕਾਰ ਦੇ ਮਤ ਅਨੁਸਾਰ ਨਾਰਦ ਜੀ ਦੇ ਕਈ ਵਰ੍ਹਿਆਂ ਤੱਕ ਜੋਗ-ਸਾਧਨਾ ਕਰਨ ਉਪਰੰਤ ਮਹਾਂਦੇਵ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਸੰਗੀਤ ਕਲਾ ਪ੍ਰਦਾਨ ਕੀਤੀ।

3. "ਸੰਗੀਤ ਦਰਪਣ" ਦੇ ਲੇਖਕ 'ਪੰਡਤ ਦਾਮਦੋਰ' ਦੇ ਮਤ ਅਨੁਸਾਰ ਸੰਗੀਤ ਕਲਾ ਦੀ ਉਤਪਤੀ ਬ੍ਰਹਮਾ ਜੀਤੋਂ ਆਰੰਭ ਹੁੰਦੀ ਹੈ। ਉਸ ਨੇ ਸੱਤਾਂ ਸੁਰਾਂ ਦੀ ਉਤਪਤੀ ਇਨ੍ਹਾਂ ਪਸ਼ੂ, ਪੰਛੀਆਂ ਦੁਆਰਾ, ਇਸ ਪ੍ਰਕਾਰ ਹੋਈ ਮੰਨੀ ਹੈ :-

"ਮੋਰ ਤੋਂ ਛੜਜ, ਚਾਤ੍ਰਿਕ ਤੋਂ ਰਿਖਭ, ਬਕਰੇ ਤੋਂ ਗੰਧਾਰ, ਕਾਂ ਤੋਂ ਮਾਧਿਅਮ, ਕੋਇਲ ਤੋਂ ਪੰਚਮ, ਡੱਡੂ ਤੋਂ ਧੈਵਥ ਅਤੇ ਹਾਥੀ ਤੋਂ ਨਿਖਾਦ।"

**ਫਾਰਸੀ ਤੇ ਅੱਨ ਪੱਛਮੀ ਵਿਦਵਾਨਾਂ ਦੇ ਵਿਚਾਰ :**

1. ਇਕ ਫਾਰਸੀ ਵਿਦਵਾਨ ਦਾ ਕਥਨ ਹੈ ਕਿ ਪਹਾੜਾਂ

ਉਤੇ 'ਮੂਸੀਕਾਰ' ਨਾ ਦਾ ਇਕ ਅਜਿਹਾ ਪੰਛੀ ਹੈ, ਜਿਸਦੇ ਨੱਕ ਵਿਚ ਬੰਸਰੀ ਵਾਂਗ ਸੱਤ ਸੁਰਾਖ ਹੁੰਦੇ ਹਨ। ਇਨ੍ਹਾਂ ਸੱਤਾਂ ਛੇਕਾਂ ਵਿਚੋਂ ਹੀ ਸੱਤ ਸੁਰਾਂ ਪੈਦਾ ਹੋਈਆਂ।

2. ਫਾਰਸੀ ਦੇ ਇਕ ਹੋਰ ਵਿਦਵਾਨ ਦਾ ਕਥਨ ਹੈ ਕਿ ਇਹ ਸੁਰਾਂ ਉਨ੍ਹਾਂ ਪੱਥਰ ਦੇ ਸੱਤਾਂ ਟੁਕੜਿਆਂ ਵਿਚੋਂ ਨਿਕਲੀਆਂ, ਜਿਸ ਨੂੰ ਰੱਬ ਦੀ ਆਗਿਆ ਅਨੁਸਾਰ ਹਜ਼ਰਤ ਮੂਸਾ ਨੇ ਆਪਣੇ 'ਅਸਾ' (ਡੰਡੇ) ਨਾਲ ਤੋੜਿਆ ਸੀ।

3. ਜੇਮਜ਼ ਲੌਂਗ ਦਾ ਵਿਚਾਰ ਹੈ ਕਿ ਪਹਿਲਾਂ ਮਨੁੱਖ ਨੇ ਬੋਲਣਾ ਸਿਖਿਆ, ਫਿਰ ਤੁਰਨਾ ਫਿਰਨਾ ਅਤੇ ਫੇਰ ਸਹਿਜੇ ਹੋਰ ਕੰਮ ਕਾਰ ਸਿੱਖਦਿਆਂ ਉਸ ਦੇ ਅੰਦਰ ਸੁਭਾਵਕ ਹੀ ਸੰਗੀਤ-ਸੁਰ ਉਤਪੰਨ ਹੋਏ।

4. ਪਰੰਤੂ, ਵਿਦਵਾਨ 'ਫਰਾਇਡ' ਇਸ (ਸੰਗੀਤ) ਦੀ ਉਤਪਤੀ ਮਨੋਵਿਗਿਆਨਕ ਆਧਾਰ ਉਤੇ ਹੋਈ ਮੰਨਦਾ ਹੈ। ਉਹ ਲਿਖਦਾ ਹੈ ਕਿ :-

"ਜਿਸ ਤਰ੍ਹਾਂ ਇਕ ਬੱਚਾ ਰੋਣਾ, ਚੀਕਣਾ, ਹੱਸਣਾ ਆਦਿ ਮਨੋ-ਵਿਗਿਆਨਕ ਲੋੜਾਂ ਸੁਤੇ ਹੀ ਸਿੱਖ ਜਾਂਦਾ ਹੈ, ਉਸੇ ਤਰ੍ਹਾਂ ਸੰਗੀਤ ਦੀ ਉਤਪਤੀ ਵੀ ਮਨੁੱਖ ਵਿਚ ਮਨੋ-ਵਿਗਿਆਨਕ ਆਧਾਰ ਉਤੇ ਆਪਣੇ ਆਪ ਹੀ ਹੋਈ ਹੈ।

ਸਿੱਟਾ :

ਉਪਰੋਕਤ ਵਿਚਾਰ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਭਾਂਵੇਂ ਸੰਗੀਤ ਦੀ ਉਤਪਤੀ ਬਾਰੇ ਭਿੰਨ ਭਿੰਨ ਰਾਵਾਂ ਹਨ; ਪ੍ਰੰਤੂ, ਇਸ ਹਕੀਕਤ ਤੋਂ ਕੋਈ ਇਨਕਾਰ ਨਹੀਂ ਕਰਦਾ ਕਿ ਇਹ ਕਲਾ ਸ੍ਰਿਸ਼ਟੀ-ਰਚਨਾ ਦੇ ਨਾਲ ਹੀ ਹੋਂਦ ਵਿਚ ਆਈ।

ਕੀਰਤਨ :

ਭਾਵੇਂ, ਸੰਸਾਰ ਦੇ ਮਤ-ਮਤਾਂਤਰਾਂ ਅਤੇ ਅਧਿਆਤਮਕ ਚਿੰਤਕਾਂ ਨੇ ਸੰਗੀਤ ਨੂੰ ਵੱਡਾ ਮਰਤਬਾ ਦਿੱਤਾ ਹੈ; ਪ੍ਰੰਤੂ, ਜੋ ਉੱਚ ਅਸਥਾਨ ਇਸ ਨੂੰ ਗੁਰਬਾਣੀ-ਕੀਰਤਨ ਦੇ ਰੂਪ ਵਿਚ ਪ੍ਰਾਪਤ ਹੋਇਆ, ਉਸ ਦੀ ਮਿਸਾਲ ਹੋਰ ਕਿਧਰੇ ਨਹੀਂ ਮਿਲਦੀ।

ਵਿਚਾਰ :

ਕੀਰਤੀ (ਸੰ: ਕੀਰਤਿ) ਹਨ - ਜੱਸ, ਵਡਿਆਈ ਤੇ ਨੇਕ ਨਾਮੀ ਜਿਵੇਂ :

"ਜੈ ਘਰਿ ਕੀਰਤਿ ਆਖੀਐ....।।"

ਪਰੰਤੂ ਕੀਰਤਨ (ਸੰ ) ਤੋਂ ਭਾਵ ਹੈ-ਕਥਨ ਜਾਂ ਵਿਆਖਿਆਨ। ਗੁਰਮਤਿ ਵਿਚ ਸੁਰ, ਲੈਅ ਅਤੇ ਤਾਲ ਨਾਲ ਰਾਗ ਵਿਚ ਗੁਰਬਾਣੀ [illegible] ਦਾ ਨਾਮ "ਕੀਰਤਨ" ਹੈ।

ਕੀਰ[illegible] ਸਿਮਰਤ ਰਹਾਉ, ਜਬ ਲਗੁ ਘਟਿ ਸਾਸੁ।। (ਬਿਲਾਵਲ ਮ: ੫, ਪੰਨਾ ੮੧੮)

ਦੂਜੇ ਸ਼ਬਦਾਂ ਵਿਚ, ਰਾਗ ਵਿਚ ਗੁਰਬਾਣੀ ਦੁਆਰਾ ਪ੍ਰਭੂ ਦੇ ਗੁਣ ਗਾਇਨ ਕਰਨ ਨੂੰ "ਕੀਰਤਨ" ਕਿਹਾ ਗਿਆ ਹੈ।

ਗੁਰਮਤਿ ਵਿਚ ਇਸ ਮਨੋਗਿਵਿਆਨਕ ਸਿਧਾਂਤ ਨੂੰ ਪ੍ਰਧਾਨਤਾ ਦਿਤੀ ਗਈ ਹੈ ਕਿ ਜਿਸ ਗੁਣਾਂ ਵਾਲੇ ਵਿਅਕਤੀ (ਗੁਣੀ) ਦੇ ਦਿਲੋਂ ਵਜੋਂ, ਪਰੇਮ, ਸਤਿਕਾਰ ਤੇ ਸਿਦਕ ਨਾਲ ਗੁਣ ਗਾਏ ਜਾਣ, ਉਸ "ਗੁਣੀ" ਦੇ ਗੁਣ, ਗੁਣ ਗਾਉਣ ਵਾਲੇ ਵਿਚ ਅਵੱਸ਼ ਪ੍ਰਵੇਸ਼ ਆ ਕਰਦੇ ਹਨ। ਗੁਰਵਾਕ ਹੈ :

**ਸਦਾ ਅਨੰਦ ਰਹਹਿ ਦਿਨ ਰਾਤੀ, ਗੁਣ ਕਹਿ, "ਗੁਣੀ" ਸਮਾਵਣਿਆ।।** (ਮਹਲਾ ੩, ਪੰਨਾ ੧੨੨)

ਸੋ, ਗੁਰਬਾਣੀ ਨੂੰ ਸੰਗੀਤ ਦੁਆਰਾ ਗਾਇਨ ਕਰਨ ਦਾ ਨਾਮ ਕੀਰਤਨ ਹੈ ਅਤੇ ਪ੍ਰਭੂ ਦੇ ਜੱਸ ਨੂੰ ਗਾਇਨ ਕਰਨਾ "ਕੀਰਤਨ ਭਗਤੀ"। ਪੰਜਵੇਂ ਗੁਰਦੇਵ ਜੀ ਦਾ ਇਹ ਫੁਰਮਾਨ ਇਸ ਨੁਕਤੇ ਨੂੰ ਇਉਂ ਸਪੱਸ਼ਟ ਕਰਦਾ ਹੈ:

**ਕੀਰਤਿ ਪ੍ਰਭ ਕੀ, ਗਾਉ ਮੇਰੀ ਰਸਨਾ।**

(ਮ: ੫, ਪੰਨਾ ੧੨੯)

(ਹੇ ਮੇਰੀ ਰਸਨਾ, ਪ੍ਰਭੂ ਦਾ ਜਸ ਗਾਇਨ ਕਰ।)

ਪ੍ਰਭੂ ਦੇ ਗੁਣ ਗਾਉਣ ਨਾਲ ਅਥਵਾ ਉਸ ਗੁਣੀ ਵਾਹਿਗੁਰੂ ਦੇ ਗੁਣਾਂ ਦੀ ਸੰਗਤ ਦੁਆਰਾ, ਉਸ ਦੀ ਲਖਤਾ ਹੁੰਦੀ ਹੈ ਅਤੇ ਅਗਿਆਨਤਾ ਦਾ ਵਿਨਾਸ਼ ਹੁੰਦਾ ਹੈ। ਏਸੇ ਲਈ ਗੁਰਬਾਣੀ ਵਿਚ ਸੁਰਤ ਦੇ ਟਿਕਾਅ ਤੇ ਪ੍ਰਭੂ ਦੀ ਰਹੱਸਮਈ ਭਗਤੀ ਲਈ ਅੰਨ ਸਾਧਨਾ ਦੀ ਥਾਂ, ਕੀਰਤਨ ਦੇ ਮਾਰਗ ਨੂੰ ਅਪਣਾਇਆ ਗਿਆ ਹੈ। ਵੇਖੋ, ਵਾਹਿਗੁਰੂ ਦੇ ਸਤਿ ਸਰੂਪ ਵਿਚ ਸਮਾਉਣ ਤੇ ਜਨਮ ਮਰਨ ਦੇ ਗੇੜ ਮਿਟਾਉਣ ਲਈ, ਗੁਰਦੇਵ, ਪ੍ਰਭੂ ਦੇ ਗੁਣ ਗਾਉਣ ਨੂੰ ਕਿੰਨਾ ਉੱਚਾ ਦਰਜਾ ਦਿੰਦੇ ਤੇ ਇਸ ਨੂੰ ਸੱਚ ਦੀ ਪ੍ਰਾਪਤੀ ਦਾ ਕਿੱਡਾ ਵੱਡਾ ਵਸੀਲਾ ਮੰਨਦੇ ਹਨ :

**ਤੇਰੇ ਗੁਣ ਗਾਵਾਂ, ਦੇਹਿ ਬੁਝਾਈ।। ਜੈਸੇ ਸਚ ਮਹਿ ਰਹਉ ਰਜਾਈ।।** (ਬਿਲਾਵਲ ਮ: ੧, ਪੰਨਾ ੭੯੫)

**ਗੁਣ ਗਾਵਤ ਤੇਰੀ ਉਤਰਸਿ ਮੈਲੁ।।**
**ਬਿਨਸਿ ਜਾਇ ਹਉਮੈ ਬਿਖੁ ਫੈਲੁ ।।**

(ਸੁਖਮਨੀ, ਅਸਟਪਦੀ - ੧੯)

**ਰਸਨਾ ਗੁਣ ਗੋਪਾਲ ਨਿਧਿ ਗਾਇਣ ।।**

(ਟੋਡੀ ਮ:੫, ਪੰਨਾ ੭੧੩)

**ਸਿਫਤਿ ਰੀਝ ਪਵੈ ਦਰਬਾਰਿ ।।**(ਮ: ੧, ਪੰਨਾ ੧੪੩)

**ਹਰਿ ਦਿਨੁ ਰੈਣਿ ਕੀਰਤਨੁ ਗਾਈਐ ।।**
**ਬਹੁੜਿ ਨ ਜੋਨੀ ਪਾਈਐ ।।**

(ਸੋਰਠਿ ਮ: ੫, ਪੰਨਾ ੬੨੪)

ਬਿਨੁ ਉਪਮਾ ਜਗਦੀਸ ਕੀ, ਬਿਨਸੈ ਨ ਅੰਧਿਆਰੁ॥ (ਮ: ੧, ਪੰਨਾ ੨੨੮)

ਗਾਉ ਗਾਉ ਰੀ ਦੁਲਹਨੀ, ਮੈਗਲਚਾਰਾ ॥

(ਕਬੀਰ, ਪੰਨਾ ੪੮੨)

ਨਾਨਕ ਹਰਿ ਗੁਣ ਗਾਇ, ਅਲਖੁ ਪ੍ਰਭ ਲਾਖੀਐ॥

(ਮ: ੪, ਪੰਨਾ ੯੧)

ਭਾਈ ਗੁਰਦਾਸ ਜੀ ਸਤਿਗੁਰ ਨਾਨਕ ਦੇਵ ਜੀ ਦੇ ਆਗਮਨ ਨਾਲ ਵਾਪਰੀ ਤਬਦੀਲੀ ਦਾ ਜ਼ਿਕਰ ਕਰਦੇ ਹੋਏ ਫੁਰਮਾਉਂਦੇ ਹਨ:

ਘਰ ਘਰ ਅੰਦਰਿ ਧਰਮਸਾਲ, ਹੋਵੈ ਕੀਰਤਨ ਸਦਾ ਵਿਸੋਆ॥ (ਵਾਰ ੧)

ਪ੍ਰਭੂ ਦੇ ਇਉਂ ਗੁਣ ਗਾਉਣ ਅਥਵਾ ਕੀਰਤਨ ਕਰਨ ਦੀ ਅਪਾਰ ਮਹਿਮਾ ਨੂੰ ਸਤਿਗੁਰਾਂ ਨੇ ਹੋਰ, ਇਉਂ ਅਲਾਪਿਆ ਹੈ:

(ੳ) ਕਲਜੁਗ ਮਹਿ ਕੀਰਤਨੁ ਪਰਧਾਨਾ ॥
ਗੁਰਮੁਖਿ ਜਪੀਐ ਲਾਇ ਧਿਆਨਾ ॥

(ਮਾਰੂ ਮ: ੫, ਪੰਨਾ ੧੦੭੫)

(ਅ) ਤਹਾਂ ਬੈਕੁੰਠ ਜਹ ਕੀਰਤਨੁ ਤੇਰਾ,
ਤੂ ਆਪੇ ਸਰਧਾ ਲਾਇਹਿ ॥

(ਸੂਹੀ ਮ: ੫, ਪੰਨਾ ੭੪੬)

(ੲ) ਕੀਰਤਨੁ ਨਿਰਮੋਲਕ ਹੀਰਾ॥
ਆਨੰਦ ਗੁਣੀ ਗਹੀਰਾ ॥

(ਰਾਮਕਲੀ ਮ: ੫, ਪੰਨਾ ੮੯੩)

(ਸ) ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ,
ਨਿਮਖ ਸਿਮਰਤ ਜਿਤੁ ਛੂਟੇ ॥

(ਸੂਹੀ ਮ: ੫, ਪੰਨਾ ੭੪੭)

(ਹ) ਜਹ ਕੀਰਤਨੁ ਤੇਰਾ ਸਾਧੂ ਗਾਵਹਿ,
ਤਹ ਮੇਰਾ ਮਨੁ ਲਾਗੈ ॥ (ਸੋਰਠਿ ਮ: ੫, ਪੰਨਾ ੬੧੦)

(ਕ) ਤਹ (ਸੱਚ ਖੰਡ ਵਿਖੇ) ਸਦਾ ਅਨੰਦ ਅਨਹਤ ਆਖਾਰੇ ॥
ਭਗਤ ਵਸਹਿ ਕੀਰਤਨ ਆਧਾਰੇ ॥

(ਗਉੜੀ ਮ: ੫, ਪੰਨਾ ੨੩੭)

(ਖ) ਜਹ ਸਾਧੂ, ਗੋਬਿਦ ਭਜਨੁ, ਕੀਰਤਨੁ ਨਾਨਕ ਨੀਤ ॥
ਣਾ ਹਉ, ਣਾ ਤੂੰ, ਣਹ ਛੁਟਹਿ, ਨਿਕਟਿ ਨ ਜਾਈਅਹੁ ਦੂਤ॥

(ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੬)

(ਗ) ਤੇਰੇ ਸੇਵਕ ਹਿ ਰੰਗ ਮਾਤਾ
ਭਇਓ ਕ੍ਰਿਪਾਲ ਦੀਨ ਦੁਖ ਭੰਜਨ,
ਹਰਿ ਹਰਿ ਕੀਰਤਨੁ ਇਹ ਮਨੁ ਰਾਤਾ ॥

(ਮ: ੫, ਪੰਨਾ ੬੪੨)

(ਘ) ਸਾਧ ਸੰਗ ਹਰਿ ਕੀਰਤਨ ਗਾਈਐ।
ਇਹੁ ਅਸਥਾਨ ਗੁਰੂ ਤੇ ਪਾਈਐ ॥

(ਆਸਾ ਮ: ੫, ਪੰਨਾ ੩੫੮)

(ਙ) ਜੋ ਮਨੁ ਕਰੈ ਕੀਰਤਨੁ ਗੋਪਾਲ ॥
ਤਿਸ ਕਉ ਪੋਹਿ ਨਾ ਸਕੈ ਜਮਕਾਲੁ ॥

(ਗੋਂਡ ਮ: ੫, ਪੰਨਾ ੮੬੭)

(ਚ) ਅਸੁਮੇਧ ਜਗਨੇ। ਤੁਲਾ ਪੁਰਖ ਦਾਨੇ॥ ਪ੍ਰਾਗ ਇਸਨਾਨੇ ॥ ੧॥
ਤਉ ਨ ਪੁਜਹਿ ਹਰਿ ਕੀਰਤਿ ਨਾਮਾ॥

(ਨਾਮਦੇਵ ਜੀ ਪੰਨਾ ੮੭੩)

ਪੰਜਵੇਂ ਗੁਰੂ ਅਰਜਨ ਦੇਵ ਜੀ ਨਿਹਚਲ ਰਹਿਣ ਵਾਲੇ ਪਦਾਰਥਾਂ ਦਾ ਜ਼ਿਕਰ ਕਰਦੇ ਹਨ ਤਾਂ "ਹਰੀ ਕੀਰਤਨ" ਨੂੰ ਵੀ ਉਨ੍ਹਾਂ ਵਿਚ ਸਮਾਨ ਨਿਹਚਲ ਅਸਥਾਨ ਦਿੰਦੇ ਹਨ:

ਨਿਹਚਲ ਏਕ ਨਰਾਇਣੋ, ਹਰਿ ਅਗਮ ਅਗਾਧਾ॥

ਨਿਹਚਲੁ ਨਾਮ ਨਿਧਾਨੁ ਹੈ, ਜਿਸੁ ਸਿਮਰਤ ਹਰਿ ਲਾਧਾ॥

ਨਿਹਚਲੁ ਕੀਰਤਨੁ ਗੁਣ ਗੋਬਿੰਦ, ਗੁਰਮੁਖਿ ਗਾਵਾਧਾ॥

(ਪੰਨਾ ੧੧੦੧)

'ਭਗਤ ਰਤਨਾਵਲੀ', ਟੀਕਾ ਪਉੜੀ ਪੰਦਰ੍ਹਵੀਂ ਵਿਚ ਕਥਾ ਤੇ ਕੀਰਤਨ ਦਾ ਸਬੰਧ ਤੇ ਮਹਿਮਾ ਇਉਂ ਬਿਆਨ ਕੀਤੇ ਗਏ ਹਨ:

ਝਾਬੂ ਮੁਕੰਦੂ ਤੇ ਕਿਦਾਰਾ ਗੁਰੂ ਅਰਜਨ ਜੀ ਦੇ ਹਜ਼ੂਰ ਆਏ, "ਗਰੀਬ ਨਿਵਾਜ, ਅਸਾਡਾ ਉਧਾਰ ਕਿਉਂਕਰ ਹੋਵੈ"? ਤਾਂ ਬਚਨ ਹੋਇਆ, "ਤੁਸਾਂ ਨੂੰ ਰਾਗਾਂ ਦੀ ਸਮਝ ਹੈ ਤੇ ਕਲਯੁੱਗ ਵਿਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ। ਇਹ ਸਾਂਤਕੀ ਸਾਧਨ ਹੈ, ਤੁਸੀਂ ਕੀਰਤਨ ਕੀੜਾ ਕਰੋ।" ਤਾਂ ਉਹਨ੍ਹਾਂ ਅਰਦਾਸ ਕੀਤੀ, "ਜੀ ਬਾਣੀ ਦੇ ਪਾਠ ਦਾ ਕਥਾ ਤੇ ਕੀਰਤਨ ਦਾ ਭਿੰਨ ਭਿੰਨ ਫਲ ਕਹੀਐ।"

ਬਚਨ ਹੋਇਆ, "ਬਾਣੀ ਦਾ ਪਾਠ ਇਹ ਹੈ ਜੋ ਆਪਣੇ ਖ਼ੂਹੇ ਦੀ ਪੈਲੀ ਪਾਣੀ ਦੇ ਕੇ ਛਬਦੇ ਪਕਾ ਲਈਂਦੀ ਹੈ ਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ, ਜੋ ਦੂਜੇ ਖ਼ੂਹ ਦੀ ਪੈਲੀ ਨਜ਼ਦੀਕ

ਤਾਂ ਉਸ ਨੂੰ ਭੀ ਪਾਣੀ ਪਹੁੰਚ ਸਕਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ, ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹਨ, ਤੇ ਕਥਾ ਦਾ ਫਲ ਇਹ ਹੈ ਜੋ ਮੇਘ ਠਹਿਰਿਆ ਹੋਇਆ ਨਿਰਵਾਤ (ਹਵਾ ਤੋਂ ਬਿਨਾਂ) ਝਿਮ ਝਿਮ ਬਰਖਾ ਕਰਦਾ ਹੈ। ਅੱਗੇ ਪਲੀਆਂ ਗਹੀਆਂ, ਸੁਧਰੀਆਂ ਹੋਵਨ, ਜੋ ਜੋ ਬੂੰਦ ਪਵੇ। ਵਿਚ ਧਰਤ ਦੇ ਸਮਾਵਦੀ ਜਾਵੇ। ਤੈਸਾ ਜੋ ਸਮਝਵਾਨ ਸਿੱਖ ਹੁੰਦੇ ਹਨ, ਜੋ ਜੋ ਕਥਾ ਕੀਰਤਨ ਕਰਦੇ ਹਨ ਤੇ ਵਿਚਾਰਦੇ ਹਨ ਤੇ ਵਾਰਤਾ ਸੁਣਦੇ ਹਨ, ਸੋ ਸੋ ਰਿਦੇ ਵਿਚ ਧਾਰਦੇ ਜਾਂਦੇ ਹਨ ਉਨ੍ਹਾਂ ਨੂੰ ਸਮਝ ਪ੍ਰਾਪਤ ਹੁੰਦੀ ਹੈ, ਕਥਾ ਕੀਰਤਨ ਦੇ ਮਹਾਤਮ ਨੂੰ ਲਖਾਵਾਂਦੀ ਹੈ ਤੇ ਕੀਰਤਨ ਮਨ ਵਿਖੇ ਰਾਗ ਹਰਖ ਉਤਪੰਨ ਕਰਦਾ ਹੈ। ਜੈਸੇ ਮਾਤਾ, ਪੁੱਤ੍ਰਾਂ ਕਰਕੇ ਸੋਭਦੀ ਹੈ। ਕਥਾ ਮਾਤਾ ਹੈ ਤੇ ਕੀਰਤਨ ਪੁੱਤ ਹੈ?"

ਸਿੱਖਾਂ ਅਰਦਾਸ ਕੀਤੀ ਇਸ ਦਾ ਪਿਤਾ ਕੌਣ ਹੈ? ਬਚਨ ਹੋਇਆ "ਪ੍ਰੇਮ ਕਥਾ ਦਾ ਭਰਤਾ, ਪ੍ਰੇਮ ਕਰਕੇ ਦੋਵੇਂ ਸੋਭਾ ਪਾਂਵਦੇ ਹਨ।"*

ਤਾਂ ਉਹ ਸਦਾ ਨਿਹਕਾਮ ਹੋ ਕੇ ਹਜ਼ੂਰ ਕੀਰਤਨ ਕਰਨ ਤੇ ਸਰੀਰ ਨਿਰਵਾਹ ਅਨੁਸਾਰ ਕੋਈ ਸਿੱਖ ਸ਼ਰਧਾ ਸੰਯੁਕਤ ਸੇਵਾ ਕਰੇ ਤਾਂ ਉਸੇ ਥੀਂ ਗੁਜ਼ਾਰਾ ਕਰਨ।" *(ਭਗਤ ਰਤਨਾਵਲੀ)*

ਉਪਰੋਕਤ ਸਾਖੀ ਜਿਥੇ ਕੀਰਤਨ ਦਾ ਉੱਚ ਅਸਥਾਨ ਤੇ ਮਹੱਤਤਾ ਦਰਸਾਉਂਦੀ ਹੈ, ਉਥੇ ਇਹ ਹਕੀਕਤ ਵੀ ਰੋਸ਼ਨ ਕਰਦੀ ਹੈ ਕਿ ਕਥਾ ਤੇ ਕੀਰਤਨ ਦਾ ਆਪਸ ਵਿਚ ਕਿਤਨਾ ਨੇੜ ਹੈ ਅਤੇ ਇਹ ਦੋਵੇਂ ਇਕ ਦੂਜੇ ਲਈ ਕਿਤਨੇ ਜ਼ਰੂਰੀ ਤੇ ਸਹਾਇਕ ਹਨ। ਕਥਾ ਦੀ ਕੀਰਤਨ ਨਾਲ ਸਾਂਝ ਤੇ ਮਹਿਮਾ ਨੂੰ ਭਲੀ ਭਾਂਤ ਸਮਝਣ ਤੇ ਦ੍ਰਿੜ ਕਰਨ ਲਈ ਗੁਰਬਾਣੀ ਦੇ ਇਹ ਕੁਝ ਕੁ ਪ੍ਰਮਾਣ ਨਿਸਚੇ ਲਾਭਦਾਇਕ ਤੇ ਗੁਣਕਾਰੀ ਸਿੱਧ ਹੋਣਗੇ:

(੧) ਗੁਣ ਗਾਵਤ ਮਨੁ ਹਰਿਆ ਹੋਵੈ।
ਕਥਾ ਸੁਣਤ ਮਲੁ ਸਗਲੀ ਖੋਵੈ॥ (ਮ:੫, ਪੰਨਾ ੧੦੪)

(੨) ਜੋ ਹਰਿ ਹਰਿ ਕੀ ਹਰਿ ਕਥਾ ਸੁਣਾਵੈ॥
ਸੋ ਜਨੁ ਹਮਰੈ ਮਨਿ ਚਿਤਿ ਭਾਵੈ॥
(ਮ: ੪, ਪੰਨਾ ੧੬੪)

(੩) ਸਭ ਤੇ ਊਤਮ ਹਰਿ ਕੀ ਕਥਾ॥
ਨਾਮੁ ਸੁਨਤ ਦਰਦ ਦੁਖ ਲਥਾ॥
(ਸੁਖਮਨੀ ਪੰਨਾ ੨੬੫)

(੪) ਕਥੀਐ ਸੰਤ ਸੰਗਿ ਪ੍ਰਭ ਗਿਆਨੁ॥

(੫) ਜੋ ਜੋ ਕਥੈ ਸੁਨੈ ਹਰਿ ਕੀਰਤਨੁ, ਤਾ ਕੀ ਦੁਰਮਤਿ ਨਾਸੁ॥ (ਕਾਨੜਾ ਮ: ੫, ਪੰਨਾ ੧੩੦੦)

(੬) ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤ॥
ਕਥਾ ਕੀਰਤਨੁ ਆਨੰਦ ਮੰਗਲ ਧੁਨਿ,
ਪੂਰਿ ਰਹੀ ਦਿਨਸੁ ਅਰੁ ਰਾਤਿ॥
(ਬਿਲਾਵਲ ਮ: ੫, ਪੰਨਾ ੮੨੦)

(੭) ਧੰਨੁ ਸੁ ਥਾਨੁ ਬਸੰਤ ਧੰਨੁ, ਜਹ ਜਪੀਐ ਨਾਮੁ॥
ਕਥਾ ਕੀਰਤਨੁ ਹਰਿ ਅਤਿ ਘਨਾ, ਸੁਖ ਸਹਿਜ ਬਿਸ੍ਰਾਮੁ॥
(ਬਿਲਾਵਲ ਮ: ੫, ਪੰਨਾ ੮੧੬)

(੮) ਕਥਾ ਕੀਰਤਨੁ ਰਾਗ ਨਾਦ ਧੁਨਿ, ਇਹ ਬਨਿਓ ਸੁਆਉ॥
ਨਾਨਕ; ਪ੍ਰਭ ਸੁਪ੍ਰਸਨ ਭਏ; ਬਾਂਛਤ ਫਲ ਪਾਉ॥
(ਬਿਲਾਵਲ ਮ: ੫, ਪੰਨਾ ੮੧੮)

(੯) ਸਤ ਸੰਤੋਖ ਕਾ ਧਰਹੁ ਧਿਆਨ॥
ਕਥਨੀ ਕਥੀਐ ਬ੍ਰਹਮ ਗਿਆਨ॥
(ਗਉੜੀ ਕਬੀਰ, ਪੰਨਾ ੩੪੪)

(੧੦) ਕਥਾ ਕੀਰਤਨੁ ਕਰਿ ਅਤਿ ਘਣਾ,
ਸੁਖ ਸਹਿਜ ਬਿਸਰਾਮ॥ (ਪੰਨਾ ੮੧੬)

ਗੁਰਮਤਿ ਵਿਚ ਪ੍ਰਭੂ-ਕੀਰਤੀ ਨੂੰ ਕਿੱਡਾ ਵੱਡਾ ਤੇ ਉੱਤਮ ਅਸਥਾਨ ਪ੍ਰਾਪਤ ਹੈ ਅਤੇ ਕਿਵੇਂ ਇਸ ਵਿਚ ਹੀ ਸਾਰੇ ਕਰਮ ਧਰਮ ਆ ਜਾਂਦੇ ਹਨ, ਇਹ ਹਕੀਕਤ ਸ੍ਰੀ ਗੁਰੂ ਤੇਗ ਬਹਾਦਰ ਜੀ ਇਉਂ ਸਪੱਸ਼ਟ ਕਰਨ ਦਾ ਉਪਕਾਰ ਕਰਦੇ ਹਨ:

ਭਏ ਦਇਆਲ ਕ੍ਰਿਪਾਲ ਸੰਤ ਜਨ, ਤਬ ਇਹ ਬਾਤ ਬਤਾਈ॥
ਸਰਬ ਧਰਮ ਮਾਨੋ ਤਿਹ ਕੀਏ, ਜਿਹ ਪ੍ਰਭੁ ਕੀਰਤਿ ਗਾਈ॥
(ਪੰਨਾ ੯੦੨)

ਤੀਜੇ ਗੁਰਦੇਵ ਇਉਂ ਕੱਲਜੁੱਗ ਦਾ ਧਰਮ ਪ੍ਰਭੂ-ਕੀਰਤੀ (ਜੱਸ) ਦਸਦੇ ਹਨ:

ਚਹੁ ਜੁਗਾਂ ਕਾ ਹੁਣਿ ਨਿਬੇੜਾ, ਨਰ ਮਨੁਖਾ ਨੋ ਏਕੁ ਨਿਧਾਨਾ॥
ਜਤੁ ਸੰਜਮ ਤੀਰਥ ਓਨਾ ਜੁਗਾਂ ਕਾ ਧਰਮੁ ਹੈ।
ਕਲਿ ਮਹਿ ਕੀਰਤਿ ਹਰਿ ਨਾਮਾ॥
(ਮ: ੩, ਪੰਨਾ ੭੯੭)

ਇਹੀ ਕਾਰਨ ਹੈ ਕਿ ਸਿਖੀ ਦੀ ਰਮਜ਼ ਨੂੰ ਖੂਬ ਸਮਝਣ ਤੇ

*ਦੇਖੋ: "ਗੁਰਮਤਿ ਮਾਰਤੰਡ", ਪ੍ਰਕਾਸ਼ਕ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ਭਾਗ ਪਹਿਲਾ (੧੯੬੨) ਪੰਨਾ ੩੦੦।

ਕਮਾਉਣ ਵਾਲੇ ਭਾਈ ਨੰਦ ਲਾਲ ਜੀ 'ਗੋਇਆ', ਸ੍ਰੀ ਕਲਗੀਧਰ ਪਾਤਸ਼ਾਹ ਦੇ ਚਰਨਾ ਵਿਚ ਜੋਦੜੀ ਤੇ ਅਰਦਾਸ ਕਰਦੇ ਹਨ ਕਿ ਉਹਨ੍ਹਾਂ ਦੀ ਜੀਭ ਉਤੇ, ਵਾਹਿਗੁਰੂ ਦੀ ਸਿਫਤ-ਸਾਲਾਹ ਤੋਂ ਬਿਨ੍ਹਾਂ ਕਦੇ ਕੋਈ ਹੋਰ ਹਰਫ ਸ਼ਬਦ) ਨਾ ਆਵੇ, ਕਿਉਂਕਿ ਉਨ੍ਹਾਂ ਨੇ ਜੀਵਨ ਦਾ ਇਹੀ ਲਾਭ ਸਮਝਿਆ ਤੇ ਪ੍ਰਾਪਤ ਕੀਤਾ ਹੈ :

ਗੈਰ ਹਮਦਿ ਹੱਕ ਨਯਾਇਦ, ਬਰ ਜ਼ਬਾਨਮ, ਹੇਚਗਾਹ।

ਹਾਸਲਿ ਈਂ ਉਮਰ ਰਾ, ਅਖ਼ਰ, ਦਿਲਿ 'ਗੋਇਆ' ਗ੍ਰਿਫ਼ਤ।

(ਗਜ਼ਲ – ੧੩, ਪੁਤਸਕ 'ਸਾਚੀ ਪ੍ਰੀਤਿ' ਵਿਚੋਂ)

ਤਥਾ-ਹਮਿਦ ਹੱਕ ਗੋ, ਦਿਗਰ ਮਗੋ, ਐ ਜਾਨ॥

ਸਾਹਾਬਿ ਕਾਲ ਬਾਸ਼, ਵ ਖ਼ੁਦਾਇ ਹਾਲ॥(ਗਜ਼ਲ ੫੩)

(ਭਾਵ-ਵਾਹਿਗੁਰੂ ਦੀ ਸਿਫਤ-ਸਾਲਾਹ ਕਰ ਤੇ ਹੋਰ ਬੋਲ ਨਾ ਬੋਲ।)

(ਉਸ ਦਾ ਹੀ ਕੀਰਤਨੀਆ ਤੇ ਮਸਤਾਨਾ ਬਣਿਆ ਰਹੁ)

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਆਪ ਨੂੰ ਜਿਥੇ ਵਾਹਿਗੁਰੂ ਦੇ ਚਾਕਰਾਂ ਦੇ ਪੈਰਾਂ ਦੀ ਖਾਕ, ਸ਼ਾਇਰ ਤੇ ਪ੍ਰਭੂ-ਦਰ ਦਾ ਕੂਕਰ ਆਦਿ ਅਖਵਾਉਣ ਵਚ ਮਾਣ ਵਡਿਆਈ ਸਮਝਦੇ ਹਨ, ਉਥੇ ਫ਼ਖ਼ਰ ਨਾਲ 'ਖਸਮ ਦਾ ਸ਼ਬਦ ਗਾਉਣ ਵਾਲਾ ਢਾਡੀ ਹੋਣ ਦੀ ਗੱਲ ਵੀ ਕਰਦੇ ਹਨ:

**ਹਉ ਢਾਢੀ ਵੇਕਾਰੁ, ਕਾਰੈ ਲਾਇਆ॥**

**ਰਾਤਿ ਦਿਹੈ ਕੈ ਵਾਰ, ਧੁਰਹੁ ਫੁਰਮਾਇਆ॥**

**ਢਾਢੀ ਸਚੈ ਮਹਿਲ, ਖਸਮਿ ਬੁਲਾਇਆ॥**

**ਸਚੀ ਸਿਫਤਿ ਸਲਾਹ, ਕਪੜਾ ਪਾਇਆ॥**

**ਢਾਢੀ ਕਰੇ ਪਸਾਉ, ਸਬਦੁ ਵਜਾਇਆ ॥**

**ਨਾਨਕ ਸਚੁ ਸਾਲਾਹਿ, ਪੂਰਾ ਪਾਇਆ॥**

(ਮ: ੧, ਪੰਨਾ ੧੫੦)

**ਤਥਾ-ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥**

(ਆਸਾ ਦੀ ਵਾਰ, ਪਉੜੀ – ੯)

ਸਿੱਖੀ ਵਿਚ ਆਪਣੇ ਸਰੂਪ ਦੀ ਲਖਤਾ, ਪ੍ਰਭੂ ਨਾਲ ਇਕਸੁਰਤਾ ਤੇ ਪਰਮਪੱਦ ਦੀ ਪ੍ਰਾਪਤੀ ਲਈ ਸ਼ਬਦ ਤੇ ਸੁਰਤ ਦੇ ਮੇਲ ਉਤੇ ਬੜਾ ਜ਼ੋਰ ਦਿਤਾ ਗਿਆ ਹੈ। ਸੁਰਤ ਨੇ ਸ਼ਬਦ ਵਿਚ ਟਿਕਣਾ ਹੈ। ਗੁਰੂ ਜੀ ਨੇ ਸ਼ਬਦ ਨੂੰ ਗੁਰੂ ਤੇ ਸੁਰਤ ਨੂੰ ਚੇਲੇ ਦਾ ਅਸਥਾਨ ਦਿਤਾ ਹੈ। ਚੇਤੇ ਰਹੇ ਕਿ ਰਾਗ ਵਿਚ ਗਾਏ ਸ਼ਬਦ (ਗੁਰਬਾਣੀ) ਵਿਚ ਸੁਰਤ ਦਾ ਟਿਕਾਉ ਹੋਣਾ ਕਿਤੇ ਸਹਿਲ ਤੇ ਸੌਖਾ ਹੈ।

**ਸ਼ਬਦੁ ਗੁਰੂ, ਸੁਰਤਿ ਧੁਨਿ ਚੇਲਾ॥**

(ਰਾਮਕਲੀ ਮ: ੧ ਪੰਨਾ ੯੪੩)

**ਤਥ-ਨਾਨਕ, ਵੈਸਾਖ ਪ੍ਰਭੁ ਭਾਵੈ, ਸੁਰਤਿ ਸਬਦਿ ਮਨੁ ਮਾਨਾ॥** (ਤੁਖਾਰੀ ਮ: ੧, ਪੰਨਾ ੧੧੦੮)

(ਹੇ ਨਾਨਕ ਵੈਸਾਖ ਮਹੀਨੇ ਰਾਹੀਂ ਉਹ ਪ੍ਰਭੂ ਨੂੰ ਪਾਉਂਦਾ ਹੈ। ਜਿਸਦੀ ਸੁਰਤੀ ਸ਼ਬਦ ਵਿਚ ਜੁੜ ਕੇ ਮਨ ਪਤੀਜ ਜਾਂਦਾ ਹੈ।)

ਇਹ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਰਾਗ ਵਿਚ ਸੁਰ, ਲੈਅ ਤੇ ਤਾਲ ਦੀ ਬਾਕਾਇਦਗੀ ਕਾਰਨ ਬੜਾ ਬਲ ਹੈ। ਹਰਨ ਦਾ ਘੰਡੇ ਹੇੜੇ ਦੀ ਤੇ ਸੱਪ ਦਾ ਬੀਨ ਦੀ ਆਵਾਜ਼ ਉੱਤੇ ਮਸਤ ਹੋਣਾ ਜਗਤ ਪ੍ਰਸਿੱਧ ਹੈ। ਮਨੋਵਿਗਿਆਨੀਆਂ ਨੇ ਇਥੋਂ ਤਕ ਸਿੱਧ ਕਰ ਵਿਖਾਇਆ ਹੈ ਕਿ ਬਨਸਪਤੀ ਤੱਕ ਵੀ ਰਾਗ ਦਾ ਪ੍ਰਭਾਵ ਕਬੂਲਦੀ ਹੈ। ਤਜਰਬੇ ਦੇ ਤੌਰ ਉਤੇ, ਇਕੋ ਜਿਹੇ ਬੂਟੇ, ਇਕ ਜਿਹੇ ਹਾਲਾਤ ਵਿਚ ਪਾਲੇ ਗਏ: ਪਰ੍ਹੂੰ ਜਿਹਨ੍ਹਾਂ ਨੂੰ ਦਿਨ ਰਾਤ ਬਾਕਾਇਦਾ ਸਮੇਂ ਸਮੇਂ ਦਾ ਰਾਗ ਸੁਣਇਆ ਗਿਆ, ਉਹਨਾਂ ਦੀ ਪ੍ਰਗਤੀ ਦੂਜਿਆਂ ਤੋਂ ਕਿਤੇ ਵੱਧ ਹੋਈ। ਉੱਨਤ ਦੇਸ਼ਾਂ ਵਿਚ ਲਵੇਰੀਆਂ ਨੂੰ ਸੰਗੀਤ ਸੁਣਾ ਕੇ ਉਹਨਾ ਦਾ ਦੁੱਧ ਵਧਾਇਆ ਤੇ ਚੋਇਆ ਜਾਂਦਾ ਹੈ॥ ਸੰਗੀਤ ਨਾਲ ਮਨ ਦਰੱਵਦਾ ਹੈ, ਝੂਮਦਾ ਹੈ, ਰਸ ਤੇ ਮਸਤੀ ਵਿਚ ਆਉਣਾ ਹੈ, ਜੁੜਦਾ ਹੈ। ਪਿਘਲੇ ਹੋਏ ਮਨ ਉੱਤੇ, ਗਾਏ ਜਾ ਰਹੇ ਚੰਗੇ ਜਾਂ ਮੰਦੇ ਵਿਚਾਰਾਂ ਭਰੇ ਬੋਲਾਂ ਦ ਡੂੰਘਾ ਪ੍ਰਭਾਵ ਪੈਂਦਾ ਹੈ।

ਕੁਝ ਅਜਿਹੀਆਂ ਭਾਵਨਾਵਾਂ ਦੇ ਅਧੀਨ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਬਾਕੀ ਦੇ ਗੁਰੂ ਸਾਹਿਬਾਨ ਨੇ ਸੰਗੀਤ ਨੂੰ ਸ਼ੁਭ ਤੇ ਪ੍ਰਭੂ-ਵਿਚਾਰਾਂ ਨੂੰ ਧੁਰ ਅੰਦਰ ਵਸਾਉਣ ਦਾ ਸਾਧਨ ਉਸ ਸਮੇ 'ਬਣਾਇਆ, ਜਦੋਂ ਦੇਸ਼ ਦੇ ਰਾਜ-ਧਰਮ, ਇਸਲਾਮ, ਵਿਚ ਇਸ ਦੀ ਸਖਤ ਮਨਾਹੀ ਸੀ, ਚੂੰਕਿ, ਇਸਲਾਮੀ ਸ਼ਰ੍ਹਾ ਅਨੁਸਾਰ ਲਾਈ ਗਈ ਅਜਿਹੀ ਪਾਬੰਦੀ ਮਨੁੱਖੀ ਰੁਚੀਆਂ ਦੇ ਪ੍ਰਤਿਕੂਲ ਹੋ ਗੈਰ ਕੁਦਰਤੀ ਸੀ, ਇਸ ਲਈ ਓਥੇ ਵੀ ਇਹ ਤਾਕੀਦ ਕਰਨੀ ਪਈ ਕਿ ਬਾਂਗ ਸਦਾ ਖੁਸ਼ ਗੁਲੂ (ਮਿੱਠੇ ਤੇ ਸੋਜ਼ ਭਰੇ ਗਲੇ ਵਾਲਾ) ਬਾਂਗੀ ਦੇਵੇ। ਸੂਫੀ ਮੁਸਲਮਾਨਾਂ ਨੇ ਤਾਂ ਕਵਾਲੀ ਤੇ ਸਮਾਅ ਦੀ ਮਹਿਫਲ ਨੂੰ ਆਲਮਿ-ਤਹੱਯਰ (ਵਿਸਮਾਦ ਦੀ ਅਵਸਥਾ) ਵਿਚ ਗੁਆਚ ਜਾਣ ਦਾ ਵੱਡਾ ਵਸੀਲਾ ਮੰਨਿਆ ਤੇ ਅਪਣਾਇਆ ਹੈ।

ਸੰਸਾਰ ਦੇ ਸਮੂਹ ਮੱਤਾਂ ਵਿਚੋਂ ਕੇਵਲ ਸਿੱਖ ਮੱਤ ਹੀ ਇਕ ਅਜਿਹਾ ਧਰਮ ਹੈ ਜੋ ਵਿਸ਼ੇਸ਼ ਕਰਕੇ, ਨਾ ਕੇਲਵ ਸ਼ਬਦ ਨੂੰ ਗੁਰੂ ਮੰਨਦਾ ਤੇ ਪੂਜਦਾ ਹੈ, ਸਗੋਂ ਐਸੇ ਸਰਵੋਤਮ ਸਾਂਝੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਉਪਾਸ਼ਕ ਹੈ, ਜਿਸ ਦਾ ਪਵਿੱਤਰ ਕਲਾਮ (ਬਾਣੀ) ੩੧ ਰਾਗਾਂ ਵਿਚ ਅੰਕਿਤ ਹੋਈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਬਾਬ ਅਪਣਾਈ ਅਤੇ ਮਰਦਾਨੇ ਨੂੰ ਕੀਰਤਨ ਸਿਖਾਇਆ; ਜਿਥੇ

ਗਏ, ਕੀਰਤਨ ਦੇ ਬਨ ਨਾਲ ਸਭ ਨੂੰ ਨਿਵਾਇਆ ਤੇ ਰੱਬ ਦੇ ਲੜ ਲਾਇਆ*।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੁਰੰਦਾ ਸਾਜ਼ ਤੋਰਿਆ ਪ੍ਰਤੂੰ, "ਕਾਨੂੰਨ ਮੌਸੀਕੀ" ਦੇ ਕਰਤਾ ਨੇ ਪੰਨਾਂ ੩੦੬ ਉਤੇ ਲਿਖਿਆ ਹੈ ਕਿ – "ਸੁਰੰਦਾ ਈਜਾਦ ਕੀਆ ਹੂਆ ਗੁਰੂ ਅਮਰਦਾਸ ਜੀ ਕੀ ਹੈ।" ਤਾਉਸ ਭਾਈ ਕਾਨ੍ਹ ਸਿੰਘ ਜੀ ਰਾਗੀ ਪਟਿਆਲੇ ਵਾਲਿਆਂ ਨੇ ਈਜਾਦ ਤੇ ਪ੍ਰਚਲਤ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ ਵਿਸ਼ੇਸ਼ ਕਰਕੇ, ਸਿੱਖਾਂ ਨੂੰ ਸੰਗੀਤ ਵਿਦਿਆ ਤਥਾ ਕੀਰਤਨ ਵਿਚ ਪਰਬੀਨ ਕੀਤਾ ਅਤੇ ਮਨੋਹਰ ਧੁਨਾਂ ਰੱਚੀਆਂ। ਸ੍ਰੀ ਦਰਬਾਰ ਸਾਹਿਬ ਵਿਖੇ ਚਾਰ ਚੌਕੀਆਂ ਦੀ ਮਰਯਾਦਾ ਵੀ ਆਪ ਨੇ ਹੀ ਸਥਾਪਤ ਕੀਤੀ, ਜੋ ਅੱਜ ਤੱਕ ਜਾਰੀ ਹੈ।

ਗਿਆਨ ਰਤਨਾਵਲੀ ਦੇ ਕਰਤਾ ਭਾਈ ਮਨੀ ਸਿੰਘ ਜੀ ਲਿਖਦੇ ਹਨ :

"ਕਰਤਾਰਪੁਰ ਵਿਚ ਪਿਛਲੀ ਰਾਤਿ ਜਪੁ ਪੜ੍ਹੀਏ ਅਰ ਆਸਾ ਦੀ ਵਾਰ ਗਾਵੀਏ, ਸਵਾ ਪਹਿਰ ਦਿਨ ਚੜ੍ਹਿਆ ਤੀਕਰ ਬਾਣੀ ਚਰਚਾ ਹੋਵੇ, ਤੀਸਰੇ ਪਹਿਰ ਕੀਰਤਨ ਕਰੀਏ; ਸੰਧਿਆਂ ਨੂੰ ਰਹਿਰਾਸ ਪੜ੍ਹੀਏ, ਫੇਰ ਪਹਿਰ ਰਾਤ ਗਈ ਸੋਹਲਾ ਪੜ੍ਹੀਏ।"**

ਭਾਈ ਗੁਰਦਾਸ ਜੀ ਦਾ ਕਥਨ ਹੈ:

ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪੁ ਉਚਾਰਾ॥ (ਵਾਰ ੧, ਪਉੜੀ ੩੮) ਸਿੱਧ ਹੁੰਦਾ ਹੈ ਕਿ ਸਿੱਖਾਂ ਵਿਚ ਕੀਰਤਨ ਦਾ ਪਰਵਾਹ ਤੇ ਬਾਣੀ ਦੀ ਵਿਚਾਰ ਨਿਤਾਪ੍ਰਤਿ ਮੁੱਢ ਤੋਂ ਚਲਦੀ ਆਈ ਹੈ।

ਜਿਥੇ ਸਤਿਗੁਰਾਂ ਨੇ ਕੀਰਨ ਦੀ ਇਤਨੀ ਉਪਮਾ ਗਾਈ ਹੈ, ਉਥੇ ਗੰਦੇ ਗੀਤਾਂ ਨੂੰ ਰਾਗ ਵਿਚ ਪਾ ਕੇ ਗਾਇਣ ਕਰਨ ਦੀ ਸਖਤ ਮਨਾਹੀ ਵੀ ਕੀਤੀ ਹੈ। ਇਹ ਇਸ ਲਈ ਕਿ ਇਹਨਾਂ ਨਾਲ ਰਜੋ, ਸਤੋ ਤੇ ਤਮੋ ਗੁਣ ਪੈਦਾ ਹੁੰਦੇ ਹਨ ਤੇ ਮਨੁੱਖ ਦਾ ਜੀਵਨ ਨਾਸ਼ ਕਰਦੇ ਹਨ। ਉਹ ਹਰੀ ਤੋਂ ਦੂਰ ਹੋ ਜਾਂਦਾ ਹੈ। ਅਰਸ਼ਾਦ ਹੈ :

**ਗੀਤ, ਰਾਗਠ ਘਨ ਤਾਲਿ ਸਿ ਕੂਰੇ॥**

**ਤ੍ਰਿਹ ਗੁਣ ਉਪਜੈ।, ਬਿਨਸੈ ਦੂਰੇ॥**

(ਮ: ੧, ਪੰਨਾ ੮੩੨)

ਇਸ ਸੰਬੰਧ ਵਿਚ ਪੰਜਵੇਂ ਗੁਰਦੇਵ ਜੀ ਦੀ ਵਾਹਿਗੁਰੂ ਅੱਗੇ ਕੀਤੀ ਇਹ ਜੋਦੜੀ ਵਾਚਣ, ਵਿਚਾਰਨ ਤੇ ਧੁਰ ਅੰਦਰ ਵਸਾਉਣ ਯੋਗ ਹਨ:

**ਮੇਰੇ ਮੋਹਨ। ਸ੍ਰਵਨੀ ਇਹ ਨ ਸੁਨਾਏ॥**

**ਸਾਕਤ ਗੀਤ, ਨਾਦਿ ਧੁਨਿ ਗਾਵਤਿ, ਬੋਲਤ ਬੋਲ ਅਜਾਏ॥** (ਪੰਨਾ ੪੨੦)

ਕੀਰਤਨ ਨੂੰ ਸਹੀ ਅਰਥਾਂ ਵਿਚ ਸਫਲ ਅਥਵਾ ਫਲਪਰਦਾਤਾ ਬਨਾਉਣ ਲਈ ਜਰੂਰੀ ਹੈ ਕਿ :

੧. ਗੁਰਮਤਿ ਸੰਗੀਤ ਵਿਚ ਕੀਰਤਨੀਏ ਸਿੰਘ 'ਡੰਡਉਤ ਬੰਦਨ' ਅਤੇ 'ਅਨੰਦ-ਗੁਣ-ਨਿਧਾਨ ਅਲਾਪਣ', ਹੋਰ ਮੱਤਾਂ ਵਾਂਗ ਨਿਰੇ ਅਲਾਪ ਤੋਂ ਹੀ ਕੀਰਤਨ ਆਰੰਭ ਨਾ ਕਰਨ। ਰਾਗੀ ਸਿੰਘਾਂ ਨੂੰ ਇਸ ਗੱਲ ਦੀ ਜਾਣਕਾਰੀ ਹੋਣੀ ਵੀ ਜਰੂਰੀ ਹੈ ਕਿ ਗੁਰਮਤਿ ਦੇ ਸੱਤਾਂ ਅਧਿਆਵਾਂ ਵਿਚੋਂ ਛੇ ਪ੍ਰਵਾਨ ਹਨ; ਪ੍ਰਤੂੰ, ਸੱਤਵਾਂ, 'ਨ੍ਰਿਤ' ਦਾ ਅਧਿਆਏ ਪ੍ਰਵਾਨ ਨਹੀਂ। ਇਹ ਪ੍ਰਵਾਣਤ ਛੇ ਅਧਿਆਏ ਹਨ:

ਸੁਰ; ਰਾਗ; ਬਾਦੇ; ਪ੍ਰਬੰਧ; ਪ੍ਰੀਕਰਨ, ਤੇ ਤਾਲ॥

੨. ਕੀਰਤਨ ਗਾਇਨ ਕਰਨ ਵਾਲੇ ਸੱਜਣਾਂ ਨੇ ਇਹ ਗੱਲ ਵੀ ਚੇਤੇ ਰੱਖਣੀ ਹੈ ਕਿ ਗੁਰਦੁਆਰਿਆਂ, ਤਖਤ ਸਾਹਿਬਾਂ ਤੇ ਦੀਵਾਨਾਂ ਵਿਚ ਜਿਥੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ, ਉਥੇ ਹੇਠ ਲਿਖੀਆਂ ਬਾਣੀਆਂ ਦਾ ਕੀਰਤਨ ਕਰਨਾ ਹੈ ਅਤੇ ਇਨ੍ਹਾਂ ਵਿਚੋਂ ਹੀ ਪ੍ਰਮਾਣ ਦੇਣੇ ਹਨ :

(੧) ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ।

(੨) ਸ੍ਰੀ ਦਸਮੇਸ਼ ਜੀ ਦੀ ਬਾਣੀ।

(੩) ਭਾਈ ਗੁਰਦਾਸ ਜੀ ਦੀ ਬਾਣੀ।

(੪) ਭਾਈ ਨੰਦ ਲਾਲ ਜੀ ਦੀ ਬਾਣੀ।

੩. ਕੀਰਤਨੀਏ ਸਿੰਘ ਆਪ ਰਹਿਣੀ ਬਹਿਣੀ ਦੇ ਪੂਰੇ ਕਰਣੀ ਦੇ ਸੂਰੇ ਤੇ ਮਨ ਬਚਨ ਤੇ ਕਰਮ ਕਰਕੇ ਬਾਣੀ ਦੇ ਸ਼ਰਧਾਲੂ, ਸਿਦਕੀ ਤੇ ਰਸੀਏ ਹੋਣ।

੪. ਕੀਰਤਨ ਕਰਨ ਸਮੇਂ ਉਹਨ੍ਹਾਂ ਵਲੋਂ ਕਿਸੇ ਪ੍ਰਕਾਰ ਦੀ ਚੰਚਲਤਾ ਦਾ ਪ੍ਰਗਟਾਵਾ ਨਾ ਹੋਵੇ। ਉਹ ਆਪ ਕੀਰਤਨ ਅਥਵਾ ਗੁਰਬਾਣੀ ਦੇ ਭਾਵਾਂ ਵਿਚ ਮੁਗਧ ਹੋਣ ਅਤੇ ਸਰੋਤੇ ਨੂੰ ਅਰਸ਼ੀ ਵਾਤਾਵਰਣ ਵਿਚ ਪਹੁੰਚਾ ਸਕਣ ਦੀ ਸਮਰਥ। ਗੁਰਬਾਣੀ ਗਾਇਨ ਕਰਨ ਦੀ ਥਾਂ "ਆ ਆ" ਦੇ ਅਲਾਪ ਵਿਚ ਪੈ ਜਾਣਾ

* ਕਾਨੂੰਨ ਮੌਸੀਕੀ ਸਫਾ ੩੦੯ ਪਰ ਲਿਖਿਆ ਹੈ–ਔਰ ਬਾਜ਼ ਕਾ ਕੌਲ ਹੈ ਕਿ ਯਿਹ ਰਬਾਬ ਈਜਾਦ ਔਰ ਮੁਖਤਰਅ ਕੀਯਾ ਹੂਆ ਗੁਰੂ ਸ਼ਾਹ ਨਾਨਕ ਫਕੀਰ ਕਾ ਹੈ। ਇਸ ਇਲਮ ਮੇਂ ਉਨਕੋ ਨਿਹਾਇਤ ਦਖਲ ਥਾ, ਕਿ ਅਪਨੀ ਜਿੱਦਤ ਤਬਅ ਸੇ ਰਬਾਬ ਈਜਾਦ ਕੀਆ ਥਾ, (ਇਸ ਰਬਾਬ ਬਾਬਤ ਇਹੋ ਲੇਖਕ ਲਿਖਦਾ ਹੈ) ਕਿ ਇਹ ਛੇ ਤਾਰਾ ਹੁੰਦਾ ਹੈ; ਤਾਰ ਰੇਸ਼ਮੀ ਹੁੰਦੇ ਹਨ। ਸ਼ਹਿਰ ਰਾਮਪੁਰ ਦੇ ਵਿਚ ਇਸ ਦੇ ਵੱਜਯੇ ਵੀ ਇਸੇ ਪੋਥੀ ਦੇ ਲੇਖਕ ਦੇ ਦੱਸੇ ਹਨ।

** ਗੁਰਮਤਿ ਮਾਰਤੰਡ', ਭਾਗ ਦੂਜਾ (੧੯੬੨) ਪੰਨਾ ੩੦੨

ਕੀਰਤਨ ਦੀ ਮਿਠਾਸ ਨੂੰ ਮਾਰਨਾ ਤੇ ਸ਼ਬਦ ਦੇ ਭਾਵਾਂ ਵਿਚ ਖੁਭੀ ਸੁਰਤ ਨੂੰ ਚੰਚਲਤਾ ਵਿਚ ਲਿਆ ਖੜਾ ਕਰਨ ਤੁਲ ਹੈ। ਇਹ ਗੁਰਬਾਣੀ ਦੀ ਨਿਰਾਦਰੀ ਹੈ।

੫. ਕੀਰਤਨੀਏ ਨੇ ਸਵੈਮਾਨ ਤੇ ਪ੍ਰਤਿਸ਼ਟਾ ਤੋਂ ਉਚੇਰੇ ਉਠਕੇ ਕੀਰਤਨ ਦੀ ਖ਼ੁਮਾਰੀ ਵਿਚ ਇਕ ਸੁਰ ਹੋਣਾ ਹੈ। ਹਉਮੈ ਆਸਰੇ ਸ਼ਬਦ-ਗਾਇਨ ਕਰਨ ਨਾਲ ਅੰਤ੍ਰੀਵ ਰਸ-ਗੜੂੰਦ ਨਹੀਂ ਹੋਈਦਾ। ਫ਼ੁਰਮਾਨ ਹੈ :

**ਇਕ ਗਾਵਤ ਰਹੇ, ਮਨਿ ਸਾਦੁ ਨ ਪਾਇ॥**
**ਹਉਮੈ ਵਿਚਿ ਗਾਵਹਿ, ਬਿਰਥਾ ਜਾਇ॥**
**ਗਾਵਣ ਗਾਵਹਿ, ਜਿਨ ਨਾਮ ਪਿਆਰੁ॥**
**ਸਾਚੀ ਬਾਣੀ, ਸਬਦ ਬੀਚਾਰੁ॥**
**ਗਾਵਤ ਰਹੈ, ਜੇ ਸਤਿਗੁਰ ਭਾਵੈ।**
**ਮਨੁ ਤਨੁ ਰਾਤਾ, ਨਾਮਿ ਸੋਹਾਵੈ।** (ਮ: ੩, ਪੰ: ੧੫੮)

੬. ਗੁਰਬਾਣੀ-ਉਚਾਰਨ ਸ਼ੁੱਧ ਤੇ ਸਪਸ਼ਟ ਹੋਵੇ, ਤਾਂ ਜੋ, ਸੰਗਤ ਗੁਰਬਾਣੀ ਦੇ ਭਾਵਾਂ ਨੂੰ ਸਮਝ ਕੇ ਵਿਚਾਰਕੇ ਮਨ ਵਿਚ ਵਸਾ ਸਕੇ। ਗੁਰਬਾਣੀ ਦੀ ਲਿਖਣ-ਸ਼ੈਲੀ ਤੇ ਵਿਆਕਰਣਕ-ਨੇਮਾਂ ਤੋਂ ਜਾਣੂ ਹੋਏ ਤੋਂ ਬਿਨ੍ਹਾਂ ਗੁਰਬਾਣੀ ਦਾ ਸ਼ੁੱਧ ਉਚਾਰਣ ਅਸੰਭਵ ਹੈ।

੭. ਕੀਰਤਨ ਸਮੇਂ ਸਾਜ਼ਾਂ ਦੀ ਆਵਾਜ਼ ਇਤਨੀ ਮੱਧਮ ਹੋਣੀ ਲੋੜੀਏ ਕਿ ਗੁਰਬਾਣੀ ਨੂੰ ਸਪੱਸ਼ਟ ਤੌਰ ਤੇ ਸੁਣਨ ਅਤੇ ਸਮਝਣ ਵਿਚ ਇਹ ਬਾਧਕ ਨਾ ਬਣੇ। ਸਾਜ਼ ਤਾਂ ਕੀਰਤਨ ਦੇ ਸਾਧਨ ਤੇ ਸਹਾਇਕ ਹਨ, ਮੰਤਵ ਜਾਂ ਮੰਜ਼ਲ ਨਹੀਂ।

੮. ਚੇਤੇ ਰਹੇ ਕਿ "ਕਰਤੇ" (ਵਾਹਿਗੁਰੂ) ਦੇ ਨਿਰਬਾਨ ਕੀਰਤਨ ਵਿਚ ਗੁਰੂ ਬਾਣੀ ਮੁੱਖ ਹੈ ਤੇ ਰਾਗ ਗਾਉਣ। ਇਸ ਲਈ ਰਾਗ ਨੂੰ ਗੁਰਬਾਣੀ ਉਤੇ ਹਾਵੀ ਕਰਨਾ ਕੀਰਤਨ ਦੇ ਆਸ਼ੇ ਨੂੰ ਗਵਾਉਣ ਤੁਲ ਹੈ। ਰਾਗ ਹਮੇਸ਼ਾਂ ਗੁਰਬਾਣੀ ਦੀ ਤਾਬਿਆ ਹੀ ਰਹਿਣਾ ਜੋਗ ਹੈ।

੯. ਕੁਝ ਸਮੇਂ ਤੋਂ ਕੀਰਤਨ ਵਿਚ ਹੋਰ ਸਬੰਧਤ ਪ੍ਰਮਾਣ ਦੇਣ ਦਾ ਰਿਵਾਜ ਪੈ ਗਿਆ ਹੈ। ਕਿਸੇ ਸਮੇਂ, ਹਦ ਬੰਨੇ ਵਿਚ ਦਿਤੇ ਅਜਿਹੇ ਪ੍ਰਮਾਣ ਗੁਰਬਾਣੀ ਦੇ ਭਾਵਾਂ ਨੂੰ ਉਜਾਗਰ ਤੇ ਸਪੱਸ਼ਟ ਕਰਨ ਵਿਚ ਸਹਾਈ ਹੋ ਸਕਦੇ ਹਨ; ਪ੍ਰੰਤੂ ਕਈ ਵੇਰ ਪ੍ਰਮਾਣ ਹੀ ਕੀਰਤਨ ਦੀ ਥਾਂ ਲੈ ਲੈਂਦੇ ਹਨ। ਕੀਰਤਨ ਸਮੇਂ, ਕੀਰਤਨ ਦੀ ਹੀ ਪ੍ਰਧਾਨਤਾ ਹੋਣੀ ਚਾਹੀਦੀ ਹੈ। ਯਤਨ ਕਰਨ ਚਾਹੀਦਾ ਹੈ ਕਿ ਸ਼ਬਦ ਦੀ ਵਿਆਖਿਆ ਹਿੱਤ ਦਿਤੇ ਜਾਣ ਵਾਲੇ ਪ੍ਰਮਾਣ ਵੀ ਕਿਸੇ ਲੈਅ ਤੇ ਸੁਰ ਵਿਚ ਗਾਏ ਜਾਣ, ਤਾਂ ਜੋ ਰਾਗ ਦਾ ਪ੍ਰਭਾਵ ਤੇ ਰਸ ਬਕਾਇਦਾ ਕਾਇਮ ਰਹੇ, ਅਤੇ ਸਰੋਤੇ ਕੀਰਤਨ ਦੇ ਰਸ ਵਿਚ ਬਦਸਤੂਰ ਲੀਨ ਰਹਿ ਸਕਣ।

੧੦. ਕੀਰਤਨ ਵਿਚ ਸੰਖੇਪ, ਸੰਬੰਧਤ ਤੇ ਗੁਰਬਾਣੀ ਦੇ ਮਨੋਰਥ, ਭਾਵਾਂ ਤੇ ਆਸ਼ਿਆਂ ਨੂੰ ਉਘਾੜਨ ਵਾਲੀ ਸੰਖਿਪਤ ਵਿਆਖਿਆ ਕੀਤੀ ਜਾ ਸਕਦੀ ਹੈ। ਪਰ, ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਵਿਆਖਿਆ ਹਰੇਕ ਰਾਗੀ ਸਿੰਘ ·· ਵੱਸ ਦੀ ਗੱਲ ਨਹੀਂ। ਇਸ ਲਈ, ਜਦ ਤੱਕ ਕੀਰਤਨ·· ਸੱਜਣ ਵਿਦਵਾਨ, ਗੁਰਬਾਣੀ ਦੇ ਗੂਹਝ ਭਾਵਾਂ ਤੋਂ ਰਹ·· ਜਾਣੂ ਤੇ ਇਸ ਕਲਾ ਵਿਚ ਨਿਪੁੰਨ ਨਾ ਹੋਵੇ, ਵਿਆਖਿ·· ·· ਗੁਰੇਜ਼ ਹੀ ਕਰੇ।

੧੧. ਜਿਵੇਂ ਗੁਰੂ ਗੁਰਬਾਣੀ ਦਾ ਸਹਾਇਕ ਹੈ, ਤਿਵੇਂ ਤਾਲ ਲਈ ਤਬਲਾ ਰਾਗ ਦਾ ਮਦਦਗਾਰ ਹੈ। ਪ੍ਰੰਤੂ ਵੇਖਣ ਵਿਚ ਇਸ ਤਰ੍ਹਾਂ ਆਇਆ ਹੈ ਕਿ ਤਬਲਾ ਵਾਦਕ, ਤਬਲਾ ਵਾਦਨ ਦੇ ਜੌਹਰ ਵਿਖਾਉਣ ਲਈ ਦੂਗਣਾ ਤੇ ਤਿਗਣਾਂ ਵਜਾਉਂਦੇ ਅਤੇ ਬਾਰ ਬਾਰ ਤੋੜ ਦੇਂਦੇ ਹਨ। ਜਿਸ ਨਾਲ ਕੀਰਤਨ ਦੁਆਰਾ ਜੁੜੀ ਬਿਰਤੀ ਉਖੜ ਜਾਂਦੀ ਹੈ। ਅਜਿਹਾ ਕਰਨਾ ਉਚਿਤ ਨਹੀਂ।

੧੨. ਵੱਧ ਤੋਂ ਵੱਧ ਯਤਨ ਹੋਣਾ ਚਾਹੀਦਾ ਹੈ ਕਿ ਕੀਰਤਨ ਵਿਚ ਤੰਤੀ ਸਾਜ਼ਾਂ ਦੀ ਹੀ ਵਰਤੋਂ ਹੋਵੇ। ਇਹਨਾਂ ਨਾਲ ਕੀਰਤਨ ਵਿਚ ਮਧੁਰਤਾ ਦਾ ਪਰਵੇਸ਼ ਹੁੰਦਾ ਹੈ।

੧੩. ਕੀਤਰਨੀਏ ਸਿੰਘਾਂ ਨੂੰ ਸ਼ਬਦ ਭੇਟ ਦਾ ਅਰਦਾਸਾ ਇਕੋ ਵੇਰ ਇੱਕਠਾ ਹੀ ਕੀਰਤਨ ਦੀ ਸਮਾਪਤੀ ਉਪਰੰਤ, ਕਰਨਾ ਜੋਗ ਹੈ, ਅਤੇ ਬਿਨ੍ਹਾਂ ਕਿਸੇ ਨਾਮ ਲਏ ਦੇ। "ਸਤੀ ਦੇ, ਸੰਤੋਖੀ ਖਾਏ" ਵਾਲੇ ਅਮੋਲਕ ਸਿਧਾਂਤ ਨੂੰ ਸਦਾ ਕੰਠ ਪਰੋਈ ਰੱਖਣ ਦੀ ਲੋੜ ਹੈ। ਪਰੰਤੂ, ਵੇਖਣ ਵਿਚ ਆਇਆ ਹੈ ਕਿ ਕਈ ਕੀਰਤਨੀਏ ਸੱਜਣ ਕੀਰਤਨ ਨੂੰ ਵਿੱਚ ਛੱਡ ਕੇ ਕਈ ਕਈ ਵਾਰ, ਮਾਇਆ ਭੇਟ ਕਰਨ ਵਾਲਿਆਂ ਦੇ ਨਾਮ ਲੈ ਕੇ ਅਰਦਾਸੇ ਆਰੰਭ ਦੇਂਦੇ ਹਨ। ਅਜਿਹਾ ਕਰਨਾ ਨਾ ਕੇਵਲ ਗੁਰਬਾਣੀ ਅਥਵਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਨਿਰਾਦਰ ਹੈ, ਸਗੋਂ ਉਨ੍ਹਾਂ ਦਾ ਆਪਣਾ ਅਤੇ ਹਉਮੈ ਗ੍ਰਸਤ ਹੋ ਜਾਣਾ, ਅਰਦਾਸੇ ਕਰਵਾਉਣ ਵਾਲਿਆਂ ਦਾ ਵੀ। ਵਧੀਆ ਗੱਲ ਤਾਂ ਇਹ ਹੈ ਕਿ ਸ਼ਬਦ-ਭੇਟ ਵਾਲੀ ਕੁਲ ਮਾਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਇਕ ਨਿਵੇਕਲੀ ਥਾਂ ਜਮ੍ਹਾਂ ਹੁੰਦੀ ਰਹੇ ਅਤੇ ਕੀਰਤਨ ਦੀ ਸਮਾਪਤੀ ਉਪਰੰਤ ਗ੍ਰੰਥੀ ਸਾਹਿਬ (ਜਾਂ ਕੀਰਤਨੀਏ ਸਿੰਘ) ਵਲੋਂ, ਬਿਨ੍ਹਾਂ ਕਿਸੇ ਵੱਖਰਾ ਨਾਮ ਲਏ ਦੇ, ਸਮੂਹਕ ਤੇ ਅਤਿ ਸੰਖੇਪ ਅਰਦਾਸਾ ਕਰਕੇ ਕੀਰਤਨੀਏ ਵੀਰਾਂ ਨੂੰ ਦੇ ਦਿੱਤੀ ਜਾਵੇ।

ਇਸ ਸੰਬੰਧ ਵਿਚ ਸਾਨੂੰ ਚਿਸ਼ਤੀ ਸੰਪ੍ਰਦਾਇ ਦੇ ਸੂਫੀ ਗੱਦੀ-ਨਸ਼ੀਨਾਂ ਦੀ ਰੀਸ ਕਰਨੀ ਬਣਦੀ ਹੈ। ਜਿਨ੍ਹਾਂ ਨੇ ਉਨ੍ਹਾਂ ਦੀਆਂ ਸਮਾਅ (ਵਜਦ ਵਿਚ ਸਿਫਤ ਸਾਲਾਹ ਕਰਨ) ਦੀਆਂ ਮਹਿਫਲਾਂ ਦੇਖੀਆਂ ਹਨ, ਉਹ ਜਾਣਦੇ ਹਨ ਕਿ ਸਿਫ਼ਤ ਸਾਲਾਹ ਕਰਨ ਵਾਲੇ ਕੱਵਾਲਾਂ ਨੂੰ ਮਜਲਸ ਵਿਚ ਬੈਠੇ ਸਰੋਤਿਆਂ ਵਲੋਂ ਜੋ ਭੇਟਾਂ ਆਉਂਦੀ ਹੈ, ਉਹ ਕੱਵਾਲ ਆਪ ਵਸੂਲ ਨਹੀਂ ਕਰਦੇ; ਸਗੋਂ ਇਸ ਮਹਿਫਲ ਉਤੇ ਸਦਾਰਤ (ਪ੍ਰਧਾਨਗੀ) ਕਰ ਰਿਹਾ ਗੱਦੀ-ਨਸ਼ੀਨ ਬੜੇ ਆਦਰ ਤੇ ਸਤਿਕਾਰ ਨਾਲ ਵਸੂਲ

ਕਰਦਾ ਹੈ। ਆਈ ਭੇਟਾ (ਨਜ਼ਰਾਨੇ) ਉਹ ਪਹਿਲਾਂ ਚੁੰਮਦਾ ਤੇ ਮੱਥੇ ਨਾਲ ਲਾਉਂਦੇ ਹੈ, ਤੇ ਫਿਰ ਆਪਣੇ ਕੋਲ ਇਕ ਪਾਸੇ ਰੱਖੀ ਜਾਂਦਾ ਹੈ। ਮਹਿਫਲ ਬਰਖਾਸਤ ਹੋਣ ਉਤੇ ਉਹ ਇੱਕਠੀ ਹੋਈ ਰਕਮ ਕੱਵਾਲਾਂ ਨੂੰ ਭੇਟ ਕਰ ਦੇਂਦਾ ਹੈ। ਕ਼ੱਵਾਲ ਆਪਣੀ ਥਾਂ ਇਹ ਰਕਮ ਉਸੇ ਅਦਬ ਅਦਾਬ ਨਾਲ ਵਸੂਲ ਕਰਦੇ ਹਨ। ਨਾ ਕੋਈ ਦੇਣ ਵਾਲੇ ਦਾ ਨਾਂ ਲੈਂਦਾ ਹੈ, ਤੇ ਨਾਲ ਹੀ ਕਿਸੇ ਦੀ ਕਲਿਆਣ ਵਿਚ ਕੁੱਛ ਕਹਿਣ ਦੀ ਲੋੜ ਪੈਂਦੀ ਹੈ। ਜੋ ਕੁਝ ਹੁੰਦਾ ਹੈ, ਕਲਾਮ ਦੇ ਪੂਰੇ ਅਦਬ ਅਦਾਬ ਵਿਚ ਹੁੰਦਾ ਹੈ। ਸਾਨੂੰ ਵੀ ਇਸ ਤਰ੍ਹਾਂ ਦੀ ਸਵੱਛ ਪਰੰਪਰਾ ਅਪਣਾਅ ਲੈਣੀ ਯੋਗ ਹੈ। ਇਸ ਤਰ੍ਹਾਂ ਕਰਨ ਨਾਲ ਜਿਥੇ ਮਜਲਸ (ਸੰਗਤ) ਦਾ ਸਤਿਕਾਰ ਕਾਇਮ ਰਹੇਗਾ ਉਥੇ ਵਜਦ (ਵਿਸਮਾਦ) ਵਿਚ ਸਰੋਤਿਆਂ ਦੇ ਆਨੰਦ ਤੇ ਸਰੂਰ ਵਿਚ ਵੀ ਵਿਘਨ ਨਹੀਂ ਪਵੇਗਾ।

੧੪. ਜੇ ਸੰਭਵ ਹੋਵੇ ਤਾਂ ਸ਼ਬਦ ਉਸੇ ਰਾਗ ਤੇ ਤਾਲ ਵਿਚ ਗਾਇਨ ਕੀਤਾ ਜਾਣਾ ਚਾਹੀਦਾ ਹੈ, ਜਿਸ ਵਿਚ ਉਸ ਦਾ ਵਿਧਾਨ ਕੀਤਾ ਗਿਆ ਹੈ। ਕਿਸੇ ਸ਼ਬਦ ਦੀ ਕੀਰਤਨ ਅਰੰਭ ਕਰਨ ਤੋਂ ਪਹਿਲਾਂ ਉਸ ਸ਼ਬਦ ਦੇ ਰਚਨਹਾਰ ਦਾ ਨਾਉਂ ਦੱਸ ਕੇ ਸ਼ਬਦ ਦਾ ਪਾਠ, ਸਹਿਤ ਤੁੱਕਾਰਥ, ਕਰ ਦੇਣਾ ਲਾਹੇਵੰਦ ਰਹੇਗਾ। ਵੇਖਣ ਵਿਚ ਆਇਆ ਹੈ ਕਿ ਕੀਰਤਨ ਸਮੇਂ ਕਈ ਸਰੋਤੇ , ਸ਼ਬਦ ਦੀ ਸ਼ਬਦਾਵਲੀ ਤੇ ਭਾਵ ਅਰਥ ਤੋਂ ਅਨਜਾਣ ਹੋਣ ਦੇ ਕਾਰਣ, ਗੁਰ ਆਸ਼ੇ ਨੂੰ ਸਮਝਣੋਂ ਤੇ ਗ੍ਰਹਿਣ ਕਰਨੋਂ ਅਸਮਰਥ ਰਹਿੰਦੇ ਹਨ। ਇਹ ਗੱਲ ਵੀ ਚੇਤੇ ਰੱਖਣ ਵਾਲੀ ਹੈ ਕਿ ਗੁਰਸਿੱਖ ਨੇ ਬਾਣੀ ਨੂੰ ਵਿਚਾਰਨਾ ਤੇ ਫਿਰ ਉਸ ਵਿਚ ਦਿੱਤੀ ਸਿਖਿਆ ਨੂੰ ਅਮਲ ਵਿਚ ਲਿਆਉਣਾ ਦੇ ਸੱਚਾ ਆਚਰਣ ਘੜਨਾ ਹੈ। ਕੀਰਤਨ ਵੀ ਤਾਂ ਆਖਰ ਕਿ ਅਤਿ ਸ੍ਰੇਸ਼ਟ ਸਾਧਨ ਹੀ ਹੈ, ਨਾਮ ਅਥਵਾ ਪਰਮ ਪਦ ਦੀ ਪ੍ਰਾਪਤੀ ਦਾ। ਬਾਣੀ ਦੀ ਵਿਚਾਰ ਬਾਰੇ ਸਤਿਗੁਰਾਂ ਵਲੋਂ ਸਪੱਸ਼ਟ ਸੂਚਨਾ ਹੈ:

**ਬਾਣੀ ਬਿਰਲਉ ਬੀਚਾਰਸੀ, ਜੇ ਕੋ ਗੁਰਮੁਖਿ ਹੋਇ॥**

(ਰਾਮਕਲੀ ਮ: ੧, ਪੰਨਾ ੯੩੫)

੧੫. ਰਾਗੀ ਸਾਹਿਬਾਨ ਨੂੰ ਇਹ ਗੱਲ ਵੀ ਮਨ ਵਿਚ ਧਾਰਨੀ ਜ਼ਰੂਰੀ ਹੈ ਕਿ ਕੀਰਤਨ ਦਾ ਅੰਤਿਮ ਲਾਭ ਸਤਿਗੁਰਾਂ ਦੀ ਇੱਛਾ ਤੇ ਹਦਾਇਤ ਅਨੁਸਾਰ "ਸ਼ਬਦ" ਨੂੰ ਯੁਕਤ ਸੰਗੀਤ ਵਿਚ ਗਾਇਣ ਕਰਨਾ ਹੈ। ਇਸ ਤਰ੍ਹਾਂ ਉਸ ਅੰਤਰੀਵ (ਪਰਮ) ਰਸ ਦੀ ਪ੍ਰਾਪਤੀ ਹੁੰਦੀ ਹੈ, ਜਿਸ ਵਿਚ ਮਗਨ ਹੋ ਕੇ ਸਰੋਤਾ, ਸਤਿਗੁਰਾਂ ਦੀ ਜੋਤ ਵਿਚ ਅਭੇਦ ਹੋਣ ਦੇ ਯੋਗ ਹੋ ਜਾਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਪਣੇ ਸ਼ਬਦਾਂ ਵਿਚ ਇਕ ਆਦਰਸ਼ਕ ਕੀਰਤਨੀਏ ਦਾ ਚਿੱਤਰ , ਚਾਹੇ ਉਹ ਕਿਸੇ ਮੱਤ ਦਾ ਵੀ ਕਿਉਂ ਨਾ ਹੋਵੇ, ਇਸ ਪ੍ਰਕਾਰ ਰੂਪਮਾਨ ਕਰਨ ਦਾ ਉਪਕਾਰ ਕੀਤਾ ਗਿਆ ਹੈ:

**ਓਅੰਕਾਰਿ ਏਕੁ ਧੁਨਿ ਏਕੋ, ਏਕੋ ਰਾਗੁ ਅਲਾਪੈ ॥**
**ਏਕਾ ਦੇਸੀ ਏਕੁ ਦਿਖਾਵੈ; ਏਕੋ ਰਹਿਆ ਬਿਆਪਿ॥**
**ਏਕਾ ਸੁਰਤਿ, ਏਕਾ ਹੀ ਸੇਵਾ, ਏਕੋ ਗੁਰ ਤੇ ਜਾਪੈ॥੧॥**
**ਭਲੋ ਭਲੋ ਰੇ ਕੀਰਨੀਆ, ਰਾਮ ਰਮਾ ਰਾਮਾ ਗੁਨ ਗਾਉ॥**
**ਛੋਡਿ ਕਾਇਆ ਕੇ ਧੰਧ ਸੁਆਉ॥੧॥ਰਹਾਉ॥**
**ਪੰਚ ਬਜਿਤ੍ਰ ਕਰੇ ਸੰਤੋਖਾ, ਸਾਤ ਸੁਰਾ ਲੈ ਚਾਲੈ॥**
**ਬਾਜਾ ਮਾਣੁ, ਤਾਣੁ, ਤਜਿ ਜਾਨਾ, ਪਾਉ ਨਾ ਬੀਗਾ ਘਾਲੈ॥**
**ਫੇਰੀ ਫੇਰੁ ਨਾ ਹੋਵੈ ਕਬਹੀ, ਏਕੁ ਸਬਦੁ ਸੰਧਿ ਪਾਲੈ॥੨॥**
**ਨਾਰਦੀ ਨਰਹਰ ਜਾਣਿ ਹਦੂਰੇ॥**
**ਘੂੰਘਰ ਖੜਕੁ ਤਿਆਗਿ ਵਿਸੂਰੇ॥**
**ਸਹਜ ਅਨੰਦ ਦਿਖਾਵੈ ਭਾਵੈ॥**
**ਇਹੁ ਨਿਰਤਿਕਾਰੀ, ਜਨਮਿ ਨਾ ਆਵੈ॥੩॥**
**ਜੇ ਕੋ ਅਪਨੇ ਠਾਕੁਰ ਭਾਵੈ॥**
**ਕੋਟਿ ਮਧਿ ਏਹੁ ਕੀਰਤਨੁ ਗਾਵੈ॥**
**ਸਾਧ ਸੰਗਤਿ ਕੀ ਜਾਵਉ ਟੇਕ॥**
**ਕਹੁ ਨਾਨਕ, ਤਿਸੁ ਕੀਰਤਨੁ ਏਕ॥੪॥**

(ਮ: ੫, ਪੰਨਾ ੮੮੫)

ਭਾਵਾਰਥ :–ਰੱਬੀ ਕੀਰਤਨੀਆ (ਅਸਲੀ ਰਾਸਧਾਰੀਆ ) ਇੱਕੋ ਵਾਹਿਗੁਰ ਦੀ ਧੁਨੀ ਲਾਉਂਦਾ, ਇਕ ਉਸੇ ਦਾ ਰਾਗ ਅਲਾਪਦਾ, ਉਸ ਇਕੋ ਦੇ ਦੇਸ (ਚਰਨਾਂ) ਵਿਚ ਟਿਕਦਾ ਅਤੇ ਕੇਵਲ ਉਸ ਇਕੋ ਪ੍ਰਭੂ ਦੇ ਦਰਸ਼ਨ ਕਰਾਉਂਦਾ ਹੈ, ਜੋ ਹਰ ਥਾਂ ਵਿਆਪਕ ਹੈ। ਉਹ ਪੂਰਨ ਗੁਰੂ ਤੋਂ ਸਿਖਿਆ ਲੈ ਕੇ ਇਕ ਪ੍ਰਮਾਤਮਾ ਵਿਚ ਸੁਰਤਿ ਟਿਕਾਈ ਰੱਖਦਾ ਅਤੇ ਉਸ ਇਕ ਦੀ ਸੇਵਾ (ਭਗਤੀ, ਮਨੁੱਖ ਮਾਤ੍ਰ ਨਾਲ ਪਿਆਰ) ਵਿਚ ਤੱਤਪਰ ਰਹਿੰਦਾ ਹੈ।

ਹੇ ਭਾਈ! ਜਿਹੜਾ ਕੀਰਤਨੀਆ ਮਾਇਆ ਦੇ ਲਾਲਚ ਤੋਂ ਉਪਰ ਉੱਠ ਕੇ ਸਰਬ-ਵਿਆਪਕ ਪ੍ਰਮਾਤਮਾ ਦੇ ਗੁਣ ਗਾਉਂਦਾ ਹੈ, ਉਹੀ ਸਭ ਤੋਂ ਸ੍ਰੇਸ਼ਟ ਕੀਰਤਨੀਆ ਹੈ।

ਐਸੇ ਰੱਬੀ ਕੀਰਤਨੀਏ ਨੂੰ ਤਾਕੀਦ ਹੈ ਕਿ ਉਹ ਸਤਿ, ਸੰਤੋਖ ਆਦਿ ਗੁਣਾਂ ਨੂੰ ਪੰਜ ਪ੍ਰਕਾਰ ਦੇ ਵਾਜੇ (ਸਾਜ਼) ਬਣਾਵੇ, ਅਤੇ ਲੈਅ (ਲਿਵਲੀਨਤਾ) ਨੂੰ ਸੱਤ ਸੁਰਾਂ (ਸਾ ਰੇ ਗਾ ਮਾ ....) ਬਣਾਏ।

ਉਸ ਪਾਸ ਮਾਣ ਤੇ ਤਿਆਗ ਦਾ ਵਾਜਾ ਤੇ ਤਾਣ (ਆਪਣੇ ਬਲ ਦੇ ਹੰਕਾਰ) ਨੂੰ ਤਿਆਗਣ ਦਾ ਤਾਨ ਪਲਟਾ ਹਵੇ, ਅਤੇ ਉਹ ਮੰਦੇ ਪਾਸੇ ਪੈਰ ਨਾ ਪਾਵੇ। ਜੇ ਅਜਿਹਾ ਕੀਰਤਨੀਆ ਸਤਿਗੁਰਾਂ ਦੇ ਸ਼ਬਦ ਨੂੰ ਪੱਲੇ ਬੰਨ੍ਹੀ ਰੱਖੇ ਤਾਂ ਉਹ

ਕਦੀ ਜਨਮ ਮਰਨ ਦੇ ਗੇੜ ਵਿਚ ਨਹੀਂ ਅਉਂਦਾ।

ਪ੍ਰਭੂ ਨੂੰ ਅੰਗ-ਸੰਗ ਜਾਣਨਾ ਉਸ ਲਈ ਨਾਰਦ-ਭਗਤੀ ਵਾਲਾ ਨਾਚ ਹੋਵੇ ਅਤੇ ਝੋਰੇ ਤਿਆਗਣ ਵਿਚ ਘੁੰਘਰੂਆਂ ਦੀ ਛਿਣਕਾਰ। ਪ੍ਰਭੂ ਦੇ ਦਰ ਦਾ ਰਾਸਧਾਰੀਆ (ਕੀਰਤਨੀਆ) ਆਤਮਕ ਅਡੋਲਤਾ ਦਾ ਆਨੰਦ ਮਾਣਦਾ ਹੈ। ਅਜਿਹਾ ਨਿਰੱਤਕਾਰ ਜਨਮ ਮਰਨ ਦੇ ਗੇੜ ਵਿੱਚ ਨਹੀਂ ਪੈਂਦਾ।

ਹੇ ਭਾਈ! ਕਰੋੜਾਂ ਵਿਚੋਂ ਜੇ ਕੋਈ ਵਿਰਲਾ ਆਪਣੇ ਪ੍ਰਮਾਤਮਾ ਨੂੰ ਪਿਆਰਾ ਲੱਗਦਾ ਹੈ,, ਉਹੀ ਪ੍ਰਭੂ ਦਾ ਅਜੇਹਾ ਕੀਰਤਨ ਗਾਂਦਾ ਹੈ।

ਹੇ ਨਾਨਕ ! ਮੈਂ ਸਾਧ-ਸੰਗਤ ਦੀ ਟੇਕ ਲੈਂਦਾ ਹਾਂ, ਮੈਨੂੰ ਐਸੇ ਰੱਬੀ ਕੀਰਤਨ ਦਾ ਆਸਰਾ ਹੈ ਜੋ ਕੇਵਲ ਓਥੇ (ਸਾਧ-ਸੰਗਤ ਵਿਚ) ਹੀ ਹੁੰਦਾ ਹੈ।

ਸੋ, ਇਕ ਓਅੰਕਾਰ ਦੀ ਐਸੀ "ਏਕ ਧੁਨਿ" ਪੈਦਾ ਕਰ ਸਕਣ ਵਾਲੇ ਕੀਰਤਨੀਏ ਪੈਦਾ ਕਰਨ ਤੇ ਸਤਿਕਾਰਨੇ ਪੰਥ ਦੀ ਇਕ ਅਤਿ ਅਹਿਮ ਸਮੱਸਿਆ ਹੈ। ਜਿਵੇਂ ਵਿਚਾਰਵਾਨਾਂ ਨੇ ਕਾਰਜ ਅਥਵਾ ਮੰਤਵ ਦੀ ਪੂਰਤੀ ਲਈ ਸਫਲ ਵਕਤੇ ਤੇ ਸਰੋਤੇ ਵਿਚ ਚੌਦਾਂ, ਚੌਦਾਂ ਗੁਣ ਹੋਣੇ ਲਾਜ਼ਮੀ ਕਰਾਰ ਦਿਤੇ ਹਨ, ਏਸੇ ਤਰ੍ਹਾਂ "ਗੁਰਬਾਣੀ-ਕੀਰਤਨ" ਨੂੰ ਸਹੀ ਅਰਥਾਂ ਵਿਚ ਫਲ ਪਰਦਾਤਾ ਬਨਾਉਣ ਲਈ ਆਦਰਸ਼ਕ ਕੀਰਤਨੀਏ ਤੇ ਸਰੋਤ ਸੰਗਤਿ ਵਿਚ ਸੁਮੇਲ ਹੋਣ ਅਤਿਅੰਤ ਜਰੂਰੀ ਹੈ, ਗੁਰਬਾਣੀ ਦੇ ਡੂੰਘੇ ਭਾਵਾਂ ਦੀ ਸੂਝ ਬੂਝ ਤੇ ਗੁਰਮਤਿ-ਸੰਗੀਤ ਲਈ ਡੂੰਘੀ ਰੁਚੀ ਰੱਖਣ ਵਾਲੀ ਸੰਗਤਿ ਹੀ ਉੱਤਮ ਤੇ ਸਰੇਸ਼ਟ ਕੀਰਤਨੀਏ ਪੈਦਾ ਕਰਨ ਦੀ ਜ਼ਾਮਨ ਹੋ ਸਕਦੀ ਹੈ।

ਉਪਰੋਕਤ ਨਿਸ਼ਾਨੇ ਦੀ ਪੂਰਤੀ ਵੱਲ ਕਿਵੇਂ ਵਧਿਆ, ਤੇ ਕਿਵੇਂ ਹਰ ਘਰ ਨੂੰ ਕੀਰਤਨੀ-ਧਰਮਸਾਲਾ ਵਿਚ ਬਦਲਿਆ ਜਾਵੇ, ਇਹ ਮਸਲਾ ਇਕ ਵੱਖਰੀ ਤੇ ਵਿਸ਼ੇਸ਼ ਵਿਚਾਰ ਦਾ ਮੁਥਾਜ ਹੈ।

ਕੀ ਪੰਥ ਕਲਜੁਗ ਵਿਚ "ਪ੍ਰਧਾਨ ਕੀਰਤਨ-ਭਗਤੀ" ਦਾ ਬੋਲ ਬਾਲਾ ਕਰਨ ਦੀ ਦੈਵੀ ਵੰਗਾਰ ਨੂੰ ਪ੍ਰਵਾਨ ਕਰੇਗਾ?

**ਕਲਜੁਗ ਮਹਿ ਕੀਰਤਨੁ ਪਰਧਾਨਾ॥**
**ਗੁਰਮੁਖਿ ਜਪੀਐ ਲਾਇ ਧਿਆਨਾ॥** ■

(ਮਾਰੂ ਸੋਹਲੇ, ਪੰਨਾ ੧੦੭੫)

*(ਧੰਨਵਾਦ ਸਹਿਤ – 'ਅੰਮ੍ਰਿਤ ਤੇ ਆਤਮਾ')*

# ਅਦੁੱਤੀ ਸ਼ਖਸੀਅਤ ਭਾਈ ਸਮੁੰਦ ਸਿੰਘ ਜੀ

ਪ੍ਰਿੰਸੀਪਲ ਦਿਆਲ ਸਿੰਘ

ਭਾਈ ਸਾ: ਭਾਈ ਸਮੁੰਦ ਸਿੰਘ ਜੀ ਦੇ ਰਾਗੀ ਜੱਥੇ ਨਾਲ ਦਿਲਰੁਬਾ ਵਜਾਉਣ ਲਈ ਮੈਂ ਸੰਨ 1952 ਵਿਚ ਲੁਧਿਆਣੇ ਗਿਆ ਸੀ। ਉਦੋਂ ਆਪ ਜੀ ਗੁ: ਕਲਗੀਧਰ ਦੇ ਨੇੜੇ, ਨਵਾ ਮਹੱਲਾ ਦੇ ਇਕ ਦੁਮੰਜ਼ਿਲੇ ਮਕਾਨ ਵਿਚ ਰਹਿੰਦੇ ਸਨ। ਭਾਵੇਂ ਕੁਝ ਮਹੀਨੇ ਹੀ ਆਪ ਜੀ ਨਾਲ ਦਿਲਰੁਬਾ ਵਜਾਉਣ ਦਾ ਮੌਕਾ ਮਿਲਿਆ, ਪਰ ਆਪ ਦੀ ਸ਼ਖਸੀਅਤ ਦਾ ਮੇਰੇ ਮਨ ਤੇ ਐਸਾ ਪ੍ਰਭਾਵ ਪਿਆ ਕਿ ਜਦੋਂ ਭੀ ਆਪ ਦਿੱਲੀ ਆਉਂਦੇ ਤਾ ਆਪ ਜੀ ਦੇ ਦਰਸ਼ਨ -ਪਰਸਨ ਤੇ ਕੀਰਤਨ ਸੁਣਨ ਦੀ ਚਾਹ ਹਮੇਸ਼ਾ ਰਹਿੰਦੀ ਅਤੇ ਜਿੱਥੇ ਵੀ ਆਪ ਕੀਰਤਨ ਕਰਦੇ ਸੁਣਨ ਲਈ ਹਾਜਰ ਹੁੰਦਾ। ਭਾਈ ਸਾਹਿਬ ਦੇ ਅਮੋਲਕ ਬਚਨ ਅਤੇ ਕੀਰਤਨ ਕਰਨ ਸਮੇਂ ਕਈ ਵਾਰ ਜੋ ਮੈਨੂੰ ਅਨੁਭਵ ਹੋਇਆ ਉਸੇ ਦਾ ਉਲੇਖ ਹੇਠਾਂ ਕਰ ਰਿਹਾ ਹਾਂ:-

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਪੁਰਬ ਤੇ ਤਾ ਭਾਈ ਸਾਹਿਬ ਅਕਸਰ ਦਿੱਲੀ ਆਉਂਦੇ ਹੀ ਸਨ। ਇਕ ਵੇਰ ਸੰਨ 1950 ਵਿਚ ਦਸਮ ਪਾਤਸ਼ਾਹ ਦੇ ਪ੍ਰਕਾਸ਼ ਉਤਸਵ ਤੇ ਵੀ ਆਏ ਤਾਂ ਗੁ: ਸ੍ਰੀ ਰਕਾਬ ਗੰਜ ਵਿਖੇ ਰਾਤ ਦੇ ਦੀਵਾਨ ਵਿਚ "ਜੈ ਜੈ ਜਗ ਤਾਰਣ ਸ੍ਰਿਸਟਿ ਉਬਾਰਣ ਮਮ ਪ੍ਰਤਿਪਾਰਣ ਜੈ ਤੇਗੰ॥" (ਬਚਿੱਤ੍ਰ ਨਾਟਕ ਪ:੧੦) ਦਾ ਛੰਦ, ਮਾਲਕੌਂਸ ਰਾਗ ਵਿਚ ਐਸੀ ਮਸਤੀ ਨਾਲ ਗਾਇਨ ਕੀਤਾ ਕਿ ਸਾਰੀ ਸੰਗਤ ਬੀਰ ਰਸ ਦੇ ਰੰਗ ਵਿਚ ਰੰਗੀ ਗਈ। ਕੀਰਤਨ ਦੀ ਸਮਾਪਤੀ ਪਿੱਛੋਂ ਦਿੱਲੀ ਸਿੱਖ ਗੁ. ਪ੍ਰ: ਕਮੇਟੀ ਦੇ ਸਕੱਤ੍ਰ ਸ: ਦਾਨ ਸਿੰਘ ਜੀ ਨੇ ਹੱਥ ਜੋੜ ਕੇ ਕਿਹਾ ਕੇ ਮੈਂ ਦਿੱਲੀ ਦੀ ਸੰਗਤ ਵੱਲੋਂ ਭਾਈ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਆਪ ਜੀ ਗੁ. ਸੀਸ ਗੰਜ ਵਿਖੇ ਬਤੌਰ ਸਰਵਿਸ ਕੀਰਤਨ ਕਰਨ ਦੀ ਪ੍ਰਵਾਨਗੀ ਦੇ ਕੇ ਪ੍ਰਬੰਧਕਾਂ ਨੂੰ ਕਿਰਤਾਰਥ ਕਰਨ। ਭਾਈ ਸਾਹਿਬ ਨੇ ਇਕ ਮਿੰਟ ਸੋਚ ਕੇ ਉੱਤਰ ਦਿੱਤਾ ਕਿ ਇਸ ਸਮੇਂ ਸੰਗਤ ਵਿਚ ਹਾਂ, ਜਾ ਨਾਂਹ ਕਰਨਾ ਮੇਰੇ ਲਈ ਮੁਸ਼ਕਿਲ ਹੈ। ਪਰ ਬਾਦ ਵਿਚ ਸ: ਦਾਨ ਸਿੰਘ ਜੀ ਨਾਲ ਬੈਠ ਕੇ ਵਿਚਾਰ ਕਰ ਲਵਾਂਗਾ।

ਦੀਵਾਨ ਦੀ ਸਮਾਪਤੀ ਤੋਂ ਬਾਦ ਜਦੋਂ ਭਾਈ ਸਾਹਿਬ ਬਾਹਰ ਆਏ ਤਾ ਮੈਂ ਬੜੀ ਨ੍ਰਿਮਰਤਾ ਨਾਲ ਬੇਨਤੀ ਕੀਤੀ ਕਿ ਆਪ ਜੀ ਦਿੱਲੀ ਰਹੋਗੇ ਤਾਂ ਮੇਰੇ ਵਰਗੇ ਹੋਰ ਵੀ ਕਈ ਰਾਗੀ ਸਿੰਘਾਂ ਨੂੰ ਸੰਗੀਤਕ ਗਿਆਨ ਮਿਲਦਾ ਰਹੇਗਾ। ਸੋ ਆਪ ਜੀ ਪ੍ਰਬੰਧਕਾਂ ਦੀ ਬੇਨਤੀ ਪ੍ਰਵਾਨ ਕਰ ਲਵੋ। ਮੇਰੀ ਇਹ ਗੱਲ ਸੁਣ ਕੇ ਉਹਨਾਂ ਬੜੇ ਨਰ੍ਹਮੇਂ ਨਾਲ ਮੇਰੇ ਮੋਢੇ ਤੇ ਹੱਥ ਰੱਖ ਕੇ ਕਿਹਾ ਕੇ ਮੇਰੇ ਅਜ਼ੀਜ਼, ਮੈਂ ਸ੍ਰੀ ਨਨਕਾਣਾ ਸਾਹਿਬ ਵਿਖੇ ਬਹੁਤ ਅਰਸੇ ਤਕ ਸਰਵਿਸ ਰੂਪ ਵਿਚ ਕੀਰਤਨ ਰਾਹੀਂ ਸੇਵਾ ਕੀਤੀ ਹੈ। ਪਰ ਉਥੇ ਮੈਂ ਖੁਦ-ਮੁਖਤਿਆਰ ਸਾਂ, ਕੀਰਤਨ ਸੰਬੰਧੀ ਕੋਈ ਪ੍ਰੋਗਰਾਮ ਮੇਰੀ ਸਹਿਮਤੀ ਤੋਂ ਬਗੈਰ ਨਹੀਂ ਸੀ ਹੁੰਦਾ। ਹੁਣ ਸਮਾ ਬਦਲ ਗਿਆ ਹੈ, ਜਿਸ ਕਾਰਣ ਇਨ੍ਹਾਂ ਪ੍ਰਬੰਧਕ ਕਮੇਟੀਆਂ ਦੇ ਪ੍ਰਬੰਧ ਹੇਠ ਕੰਮ ਕਰਨਾ ਮੁਸ਼ਕਿਲ ਹੈ। ਇਹ ਕਹਿ ਕੇ ਆਪ ਚਲੇ ਗਏ ਅਤੇ ਮੈਂ ਵੀ ਸਮਝ ਗਿਆ ਕਿ ਚੰਗੇ ਕੀਰਤਨੀਆ(ਕਲਾਕਾਰਾਂ) ਦਾ ਬੰਧਨਾਂ ਵਿਚ ਰਹਿਣਾ ਕਠਿਨ ਹੈ।

ਸ. ਗਿਆਨ ਸਿੰਘ ਜੀ (ਐਬਟਾਬਾਦ) ਦੇ ਨਾਮ ਹੇਠ "ਗੁਰਬਾਣੀ ਸੰਗੀਤ" ਪੁਸਤਕ ਨੂੰ ਸ਼੍ਰੋਮਣੀ ਗੁ: ਪ੍ਰ: ਕਮੇਟੀ ਅੰਮ੍ਰਿਤਸਰ ਨੇ ਪਹਿਲੀ ਵਾਰ ਸੰਨ 1961 ਵਿਚ ਪ੍ਰਕਾਸ਼ਤ ਕੀਤਾ। ਇਸ ਨੂੰ ਲਿਖ ਕੇ ਲਿਆਉਣ ਤੇ ਪਰੂਫ ਆਦਿ ਵੇਖਣ ਦੀ ਸੇਵਾ ਦਾਸ ਨੇ ਕੀਤੀ ਸੀ। ਉਸ ਦੀਆਂ ਦਸ ਕਾਪੀਆਂ ਸ. ਗਿਆਨ ਸਿੰਘ ਜੀ ਨੇ ਮੈਨੂੰ ਵੀ ਦਿੱਤੀਆ ਸਨ। ਉਨ੍ਹਾਂ ਵਿਚੋਂ ਇਕ ਕਾਪੀ ਮੈਂ ਭਾਈ ਸਾਹਿਬ ਜੀ ਨੂੰ ਦੇਣ ਮਾਡਲ ਟਾਊਨ ਲੁਧਿਆਣੇ ਗਿਆ ਸੀ। ਸੰਗੀਤ ਦੀ ਪੁਸਤਕ ਨੂੰ ਵੇਖ ਕੇ ਆਪ ਨੇ ਜੋ ਬਚਨ ਕਹੇ ਉਹ ਅਮੋਲਕ ਹਨ। ਮੈਨੂੰ ਸੰਬੋਧਨ ਕਰ ਕੇ ਕਹਿਣ ਲੱਗੇ, "ਭਾਈ ਦਿਆਲ ਸਿੰਘ ਜੀ, ਨਾ ਤਾ ਮੈਂ ਸੰਗੀਤਕ ਥਿਊਰੀ ਨੂੰ ਬਹੁਤਾ ਜਾਣਦਾ ਹਾਂ ਅਤੇ ਨਾ ਹੀ ਇਸ ਤਾਲ-ਬਧ ਸੁਰ-ਲਿਪੀ (ਨੁਟੇਸ਼ਨ) ਨੂੰ ਸਿੱਖਿਆ ਹੈ। ਮੈਂ ਤਾਂ ਕੇਵਲ ਗੁਰੂ ਕਾ ਕੀਰਤਨੀਆਂ ਹਾਂ। ਪਰ ਇਕ ਗੱਲ ਮੈਂ ਕਹਿ ਸਕਦਾ ਹਾਂ, ਕਿ ਜਿਨ੍ਹਾਂ ਰਾਗਾਂ ਨੂੰ ਮੈਂ ਗਾਇਨ ਕਰਦਾ ਹਾਂ, ਉਹਨਾ ਨੂੰ ਪਹਿਲਾ ਕਿਸੇ ਚੰਗੇ ਗਾਇਕ-ਵਾਦਕ ਤੋਂ ਜ਼ਰੂਰ ਸੁਣਦਾ ਹਾਂ। ਜਿਵੇਂ, ਰਾਗ ਲਲਿਤ, ਰਾਮਕਲੀ, ਅਹੀਰ ਭੈਰਉ, ਦੇਸੀ ਟੋਡੀ, ਸਿੰਧ ਭੈਰਵੀ, ਮੁਲਤਾਨੀ ਇਤਿਆਦਿ। ਕਿਉਂਕਿ ਜੇ ਕਰ ਅਸੀਂ ਰਾਗਾ ਨੂੰ ਸ਼ੁੱਧ ਰੂਪ ਵਿਚ ਨਹੀ ਗਾਵਾਂਗੇ ਤਾ ਚੰਗੇ ਸ੍ਰੋਤਿਆਂ ਤੇ ਸਾਡੀ ਗ਼ਾਇਕੀ ਦਾ ਕੋਈ ਪ੍ਰਭਾਵ ਨਹੀਂ ਪਵੇਗਾ। ਇਸੇ ਕਰ ਕੇ ਮੈਂ ਉਨ੍ਹਾਂ ਪੁਰਾਤਨ ਸ਼ਬਦ ਰੀਤਾ ਨੂੰ ਅਕਸਰ ਨਹੀਂ ਗਾਉਂਦਾ, ਜਿਨ੍ਹਾਂ ਵਿਚ ਰਾਗ ਦਾ ਸਹੀ ਸਰੂਪ ਪ੍ਰਗਟ ਨਾ ਹੋਵੇ। ਬਾਕੀ ਸ. ਗਿਆਨ ਸਿੰਘ ਜੀ ਨੇ ਪੁਰਾਤਨ ਸ਼ਬਦ ਰੀਤਾ ਨੂੰ ਨੁਟੇਸ਼ਨ ਕਰਵਾ ਕੇ ਜੋ ਸ਼੍ਰੋਮਣੀ ਕਮੇਟੀ ਰਾਹੀ ਪੁਸਤਕ ਪ੍ਰਿੰਟ ਕਰਵਾਈ ਹੈ, ਇਹ ਉਹਨਾਂ ਦਾ ਬਹੁਤ ਸ਼ਲਾਘਾ ਯੋਗ ਉਦੱਮ ਹੈ। ਮੇਰੇ ਵਲੋਂ ਸਰਦਾਰ ਜੀ ਨੂੰ ਧੰਨਵਾਦ ਵਜੋਂ ਗੁਰ ਫਤਿਹ ਗਜਾਉਣੀ।"

ਸੰਨ 1961 ਵਿਚ ਪੰਜਾਬੀ ਸੂਬੇ ਦੇ ਮੋਰਚੇ ਸਮੇਂ ਜਦੋ ਪੰਡਿਤ ਜਵਾਹਰ ਲਾਲ ਨਹਿਰੂ ਜੀ ਦੇ ਕਹਿਣ ਤੇ ਮਾਸਟਰ ਤਾਰਾ

ਸਿੰਘ ਜੀ ਨੇ ਸੰਤ ਬਾਬਾ ਫ਼ਤਿਹ ਸਿੰਘ ਜੀ ਦਾ ਮਰਨ-ਵਰਤ ਛੁਡਾਇਆ ਸੀ ਤਾਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਵੱਲੋਂ ਸ੍ਰੀ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਵੱਡੀ ਪੱਧਰ ਤੇ ਕੀਰਤਨ ਦਰਬਾਰ ਹੋਇਆ ਸੀ। ਜਿਸ ਵਿਚ ਪੰਥ ਦੇ ਹੋਰ ਪ੍ਰਸਿੱਧ ਜੱਥਿਆਂ ਤੋਂ ਇਲਾਵਾ ਭਾਈ ਸਾਹਿਬ ਜੀ ਨੂੰ ਵੀ ਉਚੇਚੇ ਤੌਰ ਤੇ ਸੱਦਿਆ ਗਿਆ ਸੀ। ਆਪ ਜੀ ਤੋਂ ਪਹਿਲਾਂ ਇਕ ਰਾਗੀ ਜੱਥੇ ਨੇ ਜੋ ਬਾਦ ਵਿਚ ਆਪਣੀ ਸੁਰੀਲੀ ਤੇ ਬੁਲੰਦ ਆਵਾਜ਼ ਕਾਰਣ ਪੰਥ ਵਿਚ ਬਹੁਤ ਪ੍ਰਸਿੱਧ ਹੋਇਆ। ਭਾਈ ਸਾਹਿਬ ਦੀ ਸ਼ਬਦ-ਰੀਤ "ਹਮਾਰੈ ਇਹ ਕਿਰਪਾ ਕੀਜੈ॥" ਰਾਗ ਹਮੀਰ ਵਿਚ ਗਾਇਨ ਕਰਨ ਸਮੇਂ ਹਮੀਰ ਦੀ ਥਾਂ ਕਲਿਆਨ ਰਾਗ ਦਾ ਹੀ ਅਲਾਪ ਕਰਦਾ ਰਿਹਾ। ਉਸ ਤੋਂ ਬਾਦ ਭਾਈ ਸਾਹਿਬ ਨੇ "ਕਰਿ ਸਾਧੂ ਅੰਜੁਲੀ ਪੁੰਨੁ ਵਡਾ ਹੇ॥ ਕਰਿ ਡੰਡਉਤ ਪੁਨੁ ਵਡਾ ਹੇ॥" ਗਉੜੀ ਪੂਰਬੀ ਰਾਗ ਵਿਚ ਗਾਇਆ, ਆਪ ਜੀ ਨਾਲ ਦਿਲਰੁਬਾ ਤੇ ਮੈਂ ਸੰਗਤ ਕਰ ਰਿਹਾ ਸੀ।

ਮੈਂ 1959 ਤੋਂ 64 ਤਕ ਸ੍ਰੀ ਹਰਿ ਮੰਦਰ ਸਾਹਿਬ (ਦਰਬਾਰ ਸਾਹਿਬ) ਵਿਖੇ ਸਵੇਰੇ-ਸ਼ਾਮ ਕੀਰਤਨ ਚੌਕੀ ਨਾਲ ਦਿਲਰੁਬਾ ਵਜਾਉਣ ਦੀ ਸੇਵਾ ਕਰਦਾ ਰਿਹਾ ਹਾਂ। ਸੋ, ਜਦੋਂ ਵੀ ਭਾਈ ਸਾਹਿਬ ਅੰਮ੍ਰਿਤਸਰ ਆਉਂਦੇ ਤਾਂ ਮੈਨੂੰ ਕੀਰਤਨ ਨਾਲ ਦਿਲਰੁਬਾ ਵਜਾਉਣ ਲਈ ਕਹਿੰਦੇ ਸੀ। ਇੰਜ ਕੀਰਤਨ ਦੀ ਸਮਾਪਤੀ ਤੋਂ ਬਾਦ ਜਦੋਂ ਅਸੀਂ ਗੁ: ਕਮੇਟੀ ਦੀ ਕੈਂਟੀਨ ਵਿਚ ਪ੍ਰਸ਼ਾਦਾ ਛਕਣ ਲਈ ਆ ਰਹੇ ਸਾਂ, ਤਾਂ ਭਾਈ ਹਰਨਾਮ ਸਿੰਘ ਜੀ, ਜੋ ਕਾਫ਼ੀ ਅਰਸਾ ਭਾਈ ਸਾਹਿਬ ਨਾਲ ਜੋੜੀ (ਤਬਲਾ) ਵਜਾਉਣ ਦੇ ਨਾਲ ਕੀਰਤਨ ਵਿਚ ਗਾਉਣ ਦਾ ਪੂਰਾ ਸਾਥ ਵੀ ਦਿੰਦੇ ਸਨ, ਨੇ ਮੈਨੂੰ ਪੁੱਛਿਆ ਕਿ ਭਾਈ ਦਿਆਲ ਸਿੰਘ ਯਾਰ, ਤੂੰ ਸੰਗੀਤ ਦਾ ਚੰਗਾ ਜਾਣੂ ਹੈਂ, ਤੂੰ ਦੱਸ ਇਹ ਰਾਗੀ ਸਿੰਘ ਜਿਸ ਨੂੰ ਭਾਈ ਸਾਹਿਬ ਹਮੀਰ ਰਾਗ ਆਖਦੇ ਹਨ ਕੀ ਉਸ ਵਿਚ ਕਲਿਆਨ ਰਾਗ ਦਾ ਅਲਾਪ ਨਹੀਂ ਸੀ ਕਰ ਰਿਹਾ। ਮੈਂ ਉੱਤਰ ਦਿੱਤਾ ਕਿ ਭਾਈ ਹਰਨਾਮ ਸਿੰਘ ਜੀ ਸਾਡੇ ਰਾਗੀ ਸਿੰਘਾਂ ਨੂੰ 'ਹਉਮੈ' ਦਾ ਰੋਗ ਹੈ। ਇਸ ਕਾਰਣ ਕਿਸੇ ਤੋਂ ਸ਼ਬਦ-ਰੀਤ ਸਿੱਖਣਾ ਤਾਂ ਕਿਤੇ, ਰਾਗ ਦਾ ਨਾਮ ਜਾਂ ਸੁਰ-ਰੂਪ ਪੁੱਛਣਾ ਵੀ ਆਪਣੀ ਹੇਠੀ ਸਮਝਦੇ ਹਨ। ਉਸੇ ਦਾ ਪ੍ਰਤੱਖ ਨਜ਼ਾਰਾ ਤੁਸੀਂ ਵੇਖ ਹੀ ਲਿਆ ਹੈ। ਅਜੇ ਅਸੀਂ ਦੋਵੇਂ ਗੱਲਾਂ ਕਰ ਹੀ ਰਹੇ ਸਾਂ ਕਿ ਸਹਿਜੇ-ਸਹਿਜੇ ਟੁਰਦੇ ਭਾਈ ਸਾਹਿਬ ਵੀ ਪਹੁੰਚ ਗਏ, ਸਾਡੇ ਵੱਲ ਵੇਖ ਕੇ ਪੁੱਛਿਆ ਕੀ ਗਲ-ਬਾਤ ਹੋ ਰਹੀ ਹੈ। ਮੈਂ ਤਾਂ ਚੁੱਪ ਕਰ ਗਿਆ, ਪਰ ਭਾਈ ਹਰਨਾਮ ਸਿੰਘ ਨੇ ਕਿਹਾ ਕਿ ਅਸੀਂ ਹਮੀਰ ਰਾਗ ਦੀ ਸ਼ਬਦ-ਰੀਤ ਬਾਰੇ ਗੱਲ ਕਰ ਰਹੇ ਸਾਂ, ਜਿਸ ਵਿਚ ਥੋੜ੍ਹਾ ਚਿਰ ਪਹਿਲਾਂ ਰਾਗੀ ਸਿੰਘ ਹਮੀਰ ਦੀ ਥਾਂ ਕਲਿਆਨ ਰਾਗ ਦਾ ਅਲਾਪ ਕਰ ਰਿਹਾ ਸੀ। ਇਹ ਸੁਣ ਕੇ ਆਪ ਥੋੜ੍ਹਾ ਗੁੱਸੇ ਵਿਚ ਹੋ ਕਹਿਣ ਲੱਗੇ "ਇਹ ਨਿਗੁਰੇ ਲੋਗ ਹਨ, ਐਸੇ ਬੰਦੇ ਨਾ ਕਿਸੇ ਤੋਂ ਰਾਗ ਪੁੱਛਦੇ ਹਨ ਅਤੇ ਨਾ ਹੀ ਉਸ ਦਾ ਰੂਪ, ਕੇਵਲ ਸੁਣ ਕੇ ਦੂਜੇ ਦੀ ਸ਼ਬਦ-ਰੀਤ ਨੂੰ ਗਾਇਨ ਕਰਨਾ ਹੀ ਆਪਣੀ ਕਲਾਕਾਰੀ ਸਮਝਦੇ ਹਨ।"

ਨਿਰੱਖ ਹੋ ਕੇ ਗੱਲ ਕਰਨ ਦੀ ਆਦਤ ਮੈਨੂੰ ਬਚਪਨ ਤੋਂ ਹੀ ਹੈ। ਸੋ, ਉਸੇ ਸੁਭਾਵ ਅਨੁਸਾਰ ਮੈਂ ਕਿਹਾ ਭਾਈ ਸਾਹਿਬ ਅੱਜ ਆਪ ਦੇ ਕੀਰਤਨ ਵਿਚ ਅਨੰਦ ਨਹੀਂ ਆਇਆ। ਇਹ ਸੁਣ ਕੇ ਉਹ ਮੁਸਕਰਾਏ ਅਤੇ ਫਿਰ ਆਖਣ ਲੱਗੇ ਅਸਲ ਵਿਚ ਗਉੜੀ ਪੂਰਬੀ ਇਕ ਤਾਂ ਕਠਿਨ ਰਾਗ ਹੈ ਅਤੇ ਦੂਜਾ ਇਹ ਸ਼ਬਦ-ਰੀਤ ਮੈਂ ਨਵੀਂ ਤਿਆਰ ਕੀਤੀ ਹੈ ਜਿਸ ਕਰ ਕੇ ਸਹੀ ਰੂਪ ਵਿਚ ਰਸ ਬਣਿਆ ਨਹੀਂ। ਇਹ ਤੇਰੀ ਗੱਲ ਠੀਕ ਹੈ। ਬਾਕੀ, ਅਸਾਂ ਕੱਲ ਫਿਰ ਰਾਤੀਂ ਸ੍ਰੀ ਅਕਾਲ ਤਖ਼ਤ ਸਾਹਿਬ ਕੀਰਤਨ ਕਰਨਾ ਹੈ ਤੂੰ ਆਪਣਾ ਦਿਲਰੁਬਾ ਲੈ ਕੇ ਆਵੀਂ। ਅਗਲੇ ਦਿਨ ਸੋਦਰ ਦੇ ਪਾਠ ਤੋਂ ਬਾਦ ਦੀਵਾਨ ਸਜਿਆ। ਭਾਈ ਸਾਹਿਬ ਨੇ ਛੋਟੀ ਤਿੰਨ ਤਾਲ ਵਿਚ ਕਲਿਆਨ ਰਾਗ ਦਾ "ਮੇਰੇ ਲਾਲਨ ਕੀ ਸੋਭਾ॥" ਗਾਉਣਾ ਆਰੰਭ ਕੀਤਾ, ਸ਼ਬਦ ਦਾ ਅਸਥਾਈ-ਅੰਤਰਾ ਗਾਉਣ ਤੋਂ ਬਾਦ ਪੁਰਵਾਂਗ ਦਾ ਅਲਾਪ ਕਰਦੇ ਹੋਏ ਫਿਰ ਅੰਤਰਾ ਚੁੱਕਿਆ। ਤੁਕ "ਜੋਗ ਗਿਆਨ ਧਿਆਨ ਸੇਖ ਨਾਗੈ॥" ਇਕ ਦੋ ਵਾਰ, ਤਾਰ-ਸਪਤਕ ਦਾ ਖੜਜ ਤੇ ਰਿਖਭ ਲਾਉਣ ਤੋਂ ਬਾਦ ਜਦੋਂ ਆਪ ਜੀ ਨੇ ਪੂਰੀ ਇਕਾਗਰਤਾ ਨਾਲ ਗੰਧਾਰ ਸੁਰ ਲਾਇਆ ਤਾਂ ਮੇਰੇ ਸਰੀਰ ਵਿਚ ਝਰਨਾਟ ਛਿੜ ਗਈ, ਪਰ ਮੈਂ ਕੁਝ ਸਮਝ ਨਹੀਂ ਸਕਿਆ। ਫਿਰ ਦੋ ਤਿੰਨ ਵਾਰ ਤੁਕ ਗਾਉਂਦੇ ਹੋਏ ਖੜਜ ਤੇ ਥੋੜ੍ਹਾ ਠਹਿਰ ਕੇ ਮੁੜ "ਨ ਰੇ ਗ" ਲਾਇਆ ਤਾਂ ਸੱਚ ਜਾਣੋ ਮੈਨੂੰ ਇੰਜ ਮਹਿਸੂਸ ਹੋਇਆ ਜਿਵੇਂ, ਬਿਜਲੀ ਨਾਲ ਛੂਹ ਗਿਆ ਹੋਵਾਂ। ਮੇਰੇ ਮੂੰਹ ਤੋਂ ਸੁਤੇ ਨਿਕਲਿਆ "ਵਾਹ"। ਉਦੋਂ ਮੈਨੂੰ ਅਨਭਵ ਹੋਇਆ ਕਿ ਰਾਗ ਦਾ ਵਾਦੀ ਸੁਰ ਕੀ ਮਹੱਤਵ ਰੱਖਦਾ ਹੈ।

ਹੁਣ ਤੋਂ 30-40 ਸਾਲ ਪਹਿਲਾਂ ਕੀਰਤਨ ਦਰਬਾਰ ਖ਼ਾਸ ਮਹੱਤਵ ਰੱਖਦੇ ਸਨ। ਭਾਵ, ਉਦੋਂ ਗੁਰ ਪੁਰਬਾਂ ਦੇ ਮੌਕੇ ਜਾਂ ਕਿਸੇ ਖ਼ਾਸ ਉਤਸਵ ਸਮੇਂ ਕੀਰਤਨ ਦਰਬਾਰ ਹੁੰਦੇ ਤਾਂ ਰਾਗੀ ਸਿੰਘ ਆਪਣਾ ਹੁਨਰ ਦਿਖਾਉਣ ਲਈ ਆਦਿ ਗ੍ਰੰਥ ਵਿਚ ਲਿਖੀਆਂ ਪੜਤਾਲਾਂ ਤੇ ਅਸ਼ਟਪਦੀਆਂ ਨੂੰ ਭਿੰਨ-ਭਿੰਨ ਰਾਗਾਂ ਤੇ ਤਾਲਾਂ ਵਿਚ ਉਚੇਚੇ ਤੌਰ ਤੇ ਗਾਉਂਦੇ ਸਨ। ਉਦੋਂ ਦਿੱਲੀ ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸ਼ਹਿਦੀ ਪੁਰਬ ਦਾ ਕੀਰਤਨ ਦਰਬਾਰ ਖ਼ਾਸ ਵਿਸ਼ੇਸ਼ਤਾ ਰੱਖਦਾ ਸੀ। ਲਗ-ਭਗ 1966 ਦੀ ਗੱਲ ਹੈ ਜਦੋਂ ਭਾਈ ਅੰਗਦ ਸਿੰਘ ਭਗਵੰਤ ਸਿੰਘ ਜੀ, ਭਾਈ ਤ੍ਰਿਲੋਚਨ ਸਿੰਘ ਜੀ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ ਜੀ, ਭਾਈ ਸੰਤਾ ਸਿੰਘ ਜੀ ਅਤੇ ਭਾਈ ਪ੍ਰਤਾਪ ਸਿੰਘ ਜੀ ਦੇ ਰਾਗੀ ਜੱਥਿਆਂ ਤੋਂ ਬਾਦ ਭਾਈ ਸਮੁੰਦ ਸਿੰਘ ਜੀ ਆਪਣੇ ਜੱਥੇ ਸਹਿਤ ਕੀਰਤਨ ਕਰਨ ਲਈ ਸਟੇਜ ਤੇ ਬੈਠੇ, ਤਾਂ ਉਸ ਸਮੇਂ ਗੁ: ਸੀਸ ਗੰਜ ਦੇ ਲਾਗੇ ਗਾਂਧੀ ਗਰਾਉਂਡ ਦਾ ਪੰਡਾਲ ਗੁਰੂ ਕੀਆਂ ਸੰਗਤਾਂ ਨਾਲ ਭਰਪੂਰ ਸੀ। ਭਾਈ ਸਾਹਿਬ ਨੇ ਬੜੇ ਇਕਾਗਰ ਮਨ ਨਾਲ ਪਹਿਲਾਂ ਰਾਗ ਕਲਾਵਤੀ ਵਿਚ ਡੰਡਉਤ ਬੰਦਨਾ ਕਰਕੇ ਨੌਵੇਂ ਪਾਤਸ਼ਾਹ ਦਾ

"ਸਾਧੋ ਮਨ ਕਾ ਮਾਨੁ ਤਿਆਗਉ॥" ਗਾਉਣਾ ਆਰੰਭ ਕੀਤਾ। ਅਸਥਾਈ-ਅੰਤਰਾ ਗਾਉਣ ਦੇ ਨਾਲ ਵਿਚ ਵਿਚ ਅਲਾਪ ਭੀ ਕਰਦੇ ਰਹੇ। ਪਰ ਜਦੋਂ ਸ਼ਬਦ ਦੀ ਅੰਤਲੀ ਤੁਕ "ਜਨ ਨਾਨਕ ਇਹੁ ਖੇਲੁ ਕਠਨੁ ਹੈ" ਗਾਉਂਦੇ-ਗਾਉਂਦੇ ਐਸੇ ਰਸ ਮਗਨ ਹੋਏ ਅਤੇ ਉਸ ਦਾ ਸੰਗਤ ਤੇ ਕੀ ਪ੍ਰਭਾਵ ਪਇਆ, ਉਹ ਦ੍ਰਿਸ਼ ਵੇਖਣ ਵਾਲਾ ਸੀ। ਭਾਵ, ਜਦੋਂ ਆਪ ਜੀ ਖੱਬੇ ਹੱਥ ਮੂੰਹ ਕਰ ਕੇ ਸੁਰ ਲਾਉਂਦੇ ਤਾਂ ਸੰਗਤ ਖੱਬੇ ਹੋ ਜਾਵੇ ਅਤੇ ਜਦੋਂ ਸੱਜੇ ਮੂੰਹ ਕਰਦੇ ਤਾਂ ਸਭ ਦਾ ਮੂੰਹ ਸੱਜੇ ਹੋ ਜਾਂਦਾ ਸੀ। ਇਕ-ਦੋ ਮਿੰਟ ਇੰਜ ਹੀ ਹੁੰਦਾ ਰਿਹਾ, ਇਹ ਨਜ਼ਾਰਾ ਮੈਂ ਤੇ ਭਾਈ ਸੰਤ ਸਿੰਘ ਰਾਗੀ (ਅਮਰੀਕਾ) ਪ੍ਰਤੱਖ ਵੇਖ ਰਹੇ ਸਾਂ। ਫਿਰ ਭਾਈ ਸਾਹਿਬ ਥੋੜ੍ਹਾ ਰੁਕੇ ਅਤੇ ਕਿਹਾ - ਸਾਧ ਸੰਗਤ ਜੀ ਰਾਗ ਗਾਉਣਾ ਭੀ ਔਖਾ ਹੈ ਅਤੇ ਕੀਰਤਨ ਕਰਨਾ ਉਸ ਤੋਂ ਭੀ ਕਠਿਨ। ਸਿੱਖ ਤੇ ਗੁਰੂ ਦੀ ਕਿਰਪਾ ਹੋਵੇ ਤਾ ਗੁਰੂ ਕਾ ਜਸ ਗਾਇਨ ਹੁੰਦਾ ਹੈ ਨਹੀਂ ਤਾਂ ਨਹੀਂ। ਇੰਜ ਕਹਿੰਦੇ ਹੋਏ ਆਪ ਜੀ ਨੇ "ਜਨ ਨਾਨਕ ਇਹੁ ਖੇਲੁ ਕਠਨੁ ਹੈ, ਕਿਨਹੂ ਗੁਰਮੁਖਿ ਜਾਨਾ॥" ਗਾਇਨ ਕਰ ਸ਼ਬਦ ਦੀ ਸਮਾਪਤੀ ਕੀਤੀ, ਤਾਂ ਸੰਗਤਾਂ ਅਤੇ ਰਾਗੀ ਸਿੰਘਾਂ ਨੇ ਮਾਇਆ ਦਾ ਮੀਂਹ ਵਰਸਾ ਦਿੱਤਾ।

ਭਾਈ ਸਾਹਿਬ ਰਾਗ-ਤਾਲ ਤੋਂ ਇਲਾਵਾ ਬਾਣੀ ਕੰਠ ਕਰਨ ਦਾ ਅਭਿਆਸ ਭੀ ਕਰਦੇ ਸਨ। ਮੈ ਆਪ ਜੀ ਦਾ ਕੀਰਤਨ ਬਹੁਤ ਬਾਰ ਸੁਣਿਆ ਹੈ, ਪਰ ਕਿਸੇ ਸਮੇਂ ਐਸਾ ਹੁੰਦਾ ਕਿ ਕਦੇ ਸ਼ਬਦ ਦੀ ਤੁਕ ਭੁੱਲ ਜਾਣੀ ਜਾਂ ਤੁਕ ਅੱਗੇ ਪਿੱਛੇ ਗਾਇਨ ਕਰ ਦੇਣੀ। ਜਦੋਂ ਇੰਜ ਹੁੰਦਾ ਤਾਂ ਆਪ ਦੇ ਸਾਥੀ ਭਾਈ ਤੇਜਾ ਸਿੰਘ ਜੀ ਸ਼ਬਦ ਦੀਆਂ ਤੁਕਾਂ ਮੁੜ ਗਾਇਨ ਕਰਦੇ। ਮੈਂ ਉਦੋਂ ਇਸ ਭੇਦ ਭਰੀ ਰਮਜ਼ ਨੂੰ ਸਮਝ ਨਹੀਂ ਸਕਿਆ। ਪਰ ਹੁਣ ਮੈ ਕਹਿ ਸਕਦਾ ਹਾਂ ਕਿ ਇੰਜ ਕਿਉਂ ਹੋ ਜਾਂਦਾ ਸੀ। ਅਸਲ ਵਿਚ ਬੰਦੇ ਨੂੰ ਜਦੀਂ ਸਮਝ ਉਦੋਂ ਤਕ ਨਹੀਂ ਆਉਂਦੀ ਜਦੋਂ ਤਕ ਉਸ ਤੇ ਨਾ ਵਾਪਰੇ। ਮੇਰਾ ਕਹਿਣ ਦਾ ਭਾਵ ਹੈ ਕਿ ਕਿਸੇ ਸਮੇਂ ਬੰਦਾ ਆਪਣੀ ਕਲਾ (ਹੁਨਰ) ਵਿਚ ਇਤਨਾ ਮਗਨ ਹੋ ਜਾਂਦਾ ਹੈ ਕਿ ਉਸ ਨੂੰ ਆਪਣਾ ਆਪ ਭੁੱਲ ਜਾਂਦਾ ਹੈ। ਉਸ ਦੀ ਸੁਰਤ ਇਕ ਥਾ ਟਿਕ ਜਾਂਦੀ ਹੈ, ਫਿਰ ਉਸ ਨੂੰ ਪਤਾ ਨਹੀ ਰਹਿੰਦਾ ਕਿ ਮੈਂ ਕਿਥੇ ਸਾਂ, ਕੀ ਕਹ ਰਿਹਾ ਸੀ ਅਤੇ ਕੀ ਕਹਣਾ ਹੈ। ਸੋ, ਕਿਸੇ ਸਮੇਂ ਕੀਰਤਨ ਕਰਦਿਆਂ ਭਾਈ ਸਾਹਿਬ ਭੀ ਉਸ ਅਵਸਥਾ ਵਿਚ ਪਹੁੰਚ ਜਾਂਦੇ ਸਨ।

ਭਾਈ ਸਾਹਿਬ ਸਬੰਧੀ ਜਾਂ ਉਨ੍ਹਾਂ ਦੀ ਸ਼ਖਸੀਅਤ ਬਾਰੇ ਜੋ ਵਿਚਾਰ ਮੈਂ ਲਿੱਖੇ ਹਨ ਇਨ੍ਹਾਂ ਨੂੰ ਕੇਵਲ ਸਰਧਾ ਜਾਂ ਅਨਿਨ ਭਗਤੀ ਨਾ ਸਮਝਣਾ, ਇਹ ਵਿਸ਼ੇਸ਼ਤਾਵਾਂ ਉਨ੍ਹਾਂ ਵਿਚ ਸਨ। ਕਿਉਂਕਿ ਮੈਂ ਭੀ ਇਸ ਹੁਨਰ ਦਾ ਜਾਣੂ ਹਾਂ ਅਤੇ ਵੀਹ-ਪੰਜੀਹ ਸਾਲ ਦਿਲਰੁਬਾ ਤੇ ਸਰੰਦਾ (ਤੰਤੀ ਸਾਜ਼) ਵਜਾਉਂਦਾ ਰਿਹਾ ਹਾਂ, ਹੁਣ ਗੁਰਮਤਿ ਵਿਦਿਆਲਾ ਗੁ: ਰਕਾਬ ਗੰਜ ਦਿੱਲੀ ਵਿਖੇ ਬੱਚਿਆਂ ਨੂੰ ਤੀਹ ਸਾਲਾਂ ਤੋਂ ਗੁਰਬਾਣੀ ਤੇ ਕੀਰਤਨ ਸਿਖਾਉਣ ਦੀ ਸੇਵਾ ਕਰ ਰਿਹਾ ਹਾਂ। ਉਸੇ ਤਜਰਬੇ ਅਤੇ ਅਨੁਭਵ ਨਾਲ ਭਾਈ ਸਾਹਿਬ ਜੀ ਦੀ ਮਹਾਨਤਾ ਨੂੰ ਸਮਝ ਕੇ ਹੀ ਕਣ ਮਾਤ੍ਰ ਰੂਪ ਵਿਚ ਇਹ ਸ਼ਬਦ ਲਿਖੇ ਹਨ। ਭਾਈ ਸਮੁੰਦ ਸਿੰਘ ਜੀ ਜਿਥੇ ਉੱਚ ਕੋਟੀ ਦੇ ਕੀਰਤਨੀਏ ਸਨ, ਉੱਥੇ ਆਪ ਜੀ ਦੀ ਰਹਿਣੀ ਬਹਿਣੀ ਤੇ ਕਰਣੀ ਭੀ ਪੁਰਾਤਨ ਸਿੱਖਾਂ ਵਾਲੀ ਸੀ, ਐਸੇ ਮਹਾਨ ਕੀਰਤਨੀ ਸਿੰਘਾ ਦੇ ਤਾ ਹੁਣ ਦਰਸ਼ਨ ਭੀ ਦੁਰਲੱਭ ਹਨ। ਐਸੇ ਜੀਵਨ ਵਾਲੇ ਗੁਰਸਿੱਖਾ ਲਈ ਤਾ ਇਹੁ ਕਹਿਣਾ ਬਣਦਾ ਹੈ:-

ਸਫਲ ਸਫਲ ਭਈ, ਸਫਲ ਜਾਤ੍ਰਾ॥
ਆਵਣ ਜਾਣ ਰਹੇ ਮਿਲੇ ਸਾਧਾ॥

# ਰਾਗੀ ਜੱਥਾ ਭਾਈ ਸੁੱਧ ਸਿੰਘ ਭਾਈ ਪ੍ਰਧਾਨ ਸਿੰਘ

ਕੁਲਦੀਪ ਸਿੰਘ ਹਉਰਾ *

"ਗੁਰਮਤਿ ਵਿੱਚ ਰਾਗ ਸਹਿਤ, ਕਰਤਾਰ ਦੇ ਗੁਣ ਗਾਉਣ ਦਾ ਨਾਂ ਕੀਰਤਨ ਹੈ"।(ਮਹਾਨ ਕੋਸ਼-ਪੰਨਾ 332) ਸਤਿਗੁਰੂ ਜੀ ਵਲੋਂ, ਕੀਰਤਨ ਕਰਨ ਵਾਲਿਆਂ ਨੂੰ "ਨਿਰਬਾਣ ਕੀਰਤਨ" ਕਰਨ ਦੀ ਪ੍ਰੇਰਨਾ ਹੈ। ਯਥਾ-

"ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ।" (ਪੰਨਾ 787)

ਨਿਰਬਾਣ ਕੀਰਤਨ ਕਰਨ ਵਾਲਾ ਇੱਕ ਜੱਥਾ ਭਾਈ ਸੁੱਧ ਸਿੰਘ ਭਾਈ ਪ੍ਰਧਾਨ ਸਿੰਘ ਦਾ ਹੋਇਆ ਹੈ। ਇਸ ਜੱਥੇ ਵਿਚ ਚਾਰ ਸਾਥੀ ਹੋਇਆ ਕਰਦੇ ਸਨ। ਭਾਈ ਸੁੱਧ ਸਿੰਘ ਭਾਈ ਪ੍ਰਧਾਨ ਹਾਰਮੋਨੀਅਮ ਵਜਾਂਦੇ, ਭਾਈ ਮੱਖਣ ਸਿੰਘ ਦਿਲਰੁਬਾ ਤੇ ਭਾਈ ਠਾਕਰ ਸਿੰਘ ਤਬਲੇ ਉਤੇ ਉਹਨਾਂ ਦੀ ਸੰਗਤ ਕਰਦੇ ਸਨ।

ਇਹ ਜੱਥਾ ਕੇਵਲ ਕੀਰਤਨ ਹੀ ਨਹੀਂ ਸੀ ਕਰਦਾ, ਸਗੋਂ ਕੀਰਤਨ ਰਾਹੀਂ ਗੁਰਮਤਿ ਤੇ ਸਿੱਖੀ ਦਾ ਪ੍ਰਚਾਰ ਵੀ ਕਰਦਾ ਸੀ। ਇਸ ਜੱਥੇ ਨੇ ਨਿਰੰਤਰ 70 ਸਾਲ ਭਾਰਤ ਤੇ ਭਾਰਤ ਤੋਂ ਬਾਹਰ ਜਾ ਕੇ ਕੀਰਤਨ ਤੇ ਵਿਆਖਿਆ ਦੁਆਰਾ ਸੇਵਾ ਕੀਤੀ। ਭਾਈ ਸੁੱਧ ਸਿੰਘ ਤੇ ਭਾਈ ਪ੍ਰਧਾਨ ਸਿੰਘ ਸੱਕੇ ਚਾਚਾ-ਭਤੀਜਾ ਸਨ, ਜਿਸ ਤਰ੍ਹਾਂ ਭਾਈ ਭਾਗ ਸਿੰਘ ਤੇ ਭਾਈ ਹੀਰਾ ਸਿੰਘ ਨੇ ਜੱਥੀ ਪਿੰਡ ਦੇ ਉਦਾਸੀ ਡੇਰੇ ਤੋਂ ਕੀਰਤਨ ਦੀ ਸਿਖਲਾਈ ਲਈ ਤੇ ਖਾਲਸਾ ਉਪਦੇਸ਼ਕ ਕਾਲਜ, ਗੁਜਰਾਂਵਾਲਾ ਵਿੱਚ ਬੱਚਿਆ ਨੂੰ ਕੀਰਤਨ ਦੀ ਸਿਖਿਆ ਦੇਣ ਵਾਲੇ ਅਧਿਆਪਕ ਲੱਗ ਗਏ। ਕੁਝ ਸਮਾਂ ਉਥੇ ਕੰਮ ਕਰਕੇ, ਉਸ ਆਸ਼ਰਮ ਲਈ ਉਗਰਾਹੀ ਕਰਨ ਵਾਸਤੇ ਆਪ ਸ਼ੰਘਾਈ (ਚੀਨ) ਚਲੇ ਗਏ।

ਭਾਈ ਪ੍ਰਧਾਨ ਸਿੰਘ ਜੀ ਦਾ ਗਲਾ ਬੜਾ ਸੁਰੀਲਾ, ਆਵਾਜ਼ ਮਿੱਠੀ ਤੇ ਦਿਲਖਿਚਵੀਂ ਸੀ। ਆਪ ਨੇ ਕਲਾਸੀਕਲ ਸੰਗੀਤ ਦੀ ਸਿਖਿਆ ਲਈ ਪੁਰਾਤਨ-ਰੀਤਾਂ ਸਿੱਖੀਆਂ। ਜਦੋਂ ਭਾਈ ਸੁੱਧ ਸਿੰਘ ਜੀ ਸ਼ੰਘਾਈ ਤੋਂ ਵਾਪਸ ਆਏ, ਉਸ ਵੇਲੇ ਭਾਈ ਪ੍ਰਧਾਨ ਸਿੰਘ ਦੀ ਆਯੂ 15 ਸਾਲਾਂ ਦੀ ਸੀ। ਉਸ ਸਮੇਂ ਚਾਚੇ-ਭਤੀਜੇ ਨੇ ਆਪਣਾ ਕੀਰਤਨੀ-ਜੱਥਾ ਬਣਾ ਲਿਆ। ਭਾਈ ਸੁੱਧ ਸਿੰਘ ਜੀ ਕਥਾ-ਵਿਆਖਿਆ ਬੜੇ ਪ੍ਰਭਾਵਸ਼ਾਲੀ ਢੰਗ ਨਾਲ ਕਰਦੇ ਤੇ ਭਾਈ ਪ੍ਰਧਾਨ ਸਿੰਘ ਸੁਰੀਲੇ ਗਲੇ ਨਾਲ ਗੁਰਬਾਣੀ ਦਾ ਅਲਾਪ ਕਰਦੇ। ਦੋਹਾਂ ਦੇ ਸੁਮੇਲ ਨੇ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਤੇ ਜੱਥੇ ਦਾ ਨਾਮ ਸਾਰੇ ਪੰਥ ਵਿੱਚ ਪ੍ਰਸਿੱਧ ਹੋ ਗਿਆ।

ਇਸ ਜੱਥੇ ਦੀ ਨੇਤਰਤਾ ਭਾਈ ਵੀਰ ਸਿੰਘ ਜੀ, ਸੰਤ ਅਤਰ ਸਿੰਘ ਜੀ ਮਸਤੂਆਣਾ ਨਾਲ ਹੋ ਜਾਣ ਕਰਕੇ, ਜੱਥੇ ਦੇ ਪ੍ਰੇਮੀਆਂ ਉੱਤੇ ਗੂੜ੍ਹਾ ਰੰਗ ਚੜ੍ਹਿਆ। ਚੀਫ ਖਾਲਸਾ ਦੀਵਾਨ ਨਾਲ, ਇਸ ਜੱਥੇ ਦਾ ਸਬੰਧ ਜੁੜ ਜਾਣ ਕਰਕੇ , ਇਹ ਜੱਥਾ ਦਿਨ ਰਾਤ ਸਿੱਖ ਐਜੂਕੇਸ਼ਨਲ ਕਾਨਫ੍ਰੰਸਾਂ ਦੀ ਸਫਲਤਾ ਲਈ ਜੁੱਟਿਆ ਰਹਿੰਦਾ। ਜੱਥੇ ਦੇ ਕੀਰਤਨ ਤੇ ਵਿਆਖਿਆ ਦਾ ਅਸਰ ਇਹ ਹੋਇਆ ਕਿ ਇਹ ਜੱਥਾ ਜਿੱਥੇ ਵੀ ਜਾਂਦਾ, ਗੁਰਬਾਣੀ-ਜੱਸ ਗਾਇਣ ਕਰਕੇ ਸੰਗਤਾਂ ਨੂੰ ਨਿਹਾਲ ਕਰਦਾ ਤੇ ਨਾਲ-ਨਾਲ ਸਿੱਖ-ਰਹਿਤ ਮਰਯਾਦਾ ਦ ਪੱਧਕ ਹੋਣ ਦੀ ਪ੍ਰੇਰਨਾ ਵੀ ਦਿੰਦਾ। ਆਪਣੇ ਪ੍ਰਚਾਰ ਦੁਆਰਾ, ਅੰਮ੍ਰਿਤ ਛਕਣ ਲਈ ਸੰਗਤਾ ਨੂੰ ਤਿਆਰ ਕਰਦਾ ਤੇ ਕੋਈ ਦਿਨ ਨਿਯਤ ਕਰਕੇ ਵਿਸ਼ਾਲ-ਪੱਧਰ ਤੇ ਅੰਮ੍ਰਿਤ-ਸੰਚਾਰ ਵੀ ਕਰਦਾ। ਇਸ ਤੋਂ ਛੁੱਟ ਅਨੇਕਾਂ ਕੁਰਾਹੇ ਪਏ ਵਿਅਕਤੀਆਂ ਨੂੰ ਗੁਰੂ ਦੇ ਲੜ ਲਾਂਦਾ। ਸਿੰਧ ਪ੍ਰਾਂਤ ਵਿਚ ਇਸ ਜੱਥੇ ਨੇ ਅਨੇਕਾਂ ਸਹਿਜਧਾਰੀਆਂ ਨੂੰ ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਇਆ। ਗੁਰਮਤਿ ਪ੍ਰਚਾਰ ਦੀ ਵੀ ਬੜੀ ਲਗਨ ਸੀ। ਜੱਥਾ ਸਮਝਦਾ ਸੀ ਕਿ ਜਦੋਂ ਤੱਕ ਕੌਮ ਵਿਦਿਆ ਦੇ ਖੇਤਰ ਵਿੱਚ ਪਛੜੀ ਰਹੇਗੀ, ਤਦ ਤੱਕ ਕੌਮ ਦਾ ਸਰਬ-ਪੱਖੀ ਵਿਕਾਸ ਹੋ ਸਕਣਾ ਸੰਭਵ ਨਹੀਂ। ਇਸ ਲਈ ਇਹ ਜੱਥਾ "ਵਿਦਿਆ-ਵਿਚਾਰੀ ਤਾਂ ਪਰਉਪਕਾਰੀ" ਦੇ ਕਥਨ ਨੂੰ ਸਾਰਥਕ ਕਰਨ ਲਈ ਖਾਲਸਾ ਸਕੂਲਾਂ ਦੇ ਖੋਲ੍ਹਣ ਲਈ ਵੀ ਉੱਦਮ ਕਰਦਾ ਰਹਿੰਦਾ। ਭਾਈ ਹੀਰਾ ਸਿੰਘ ਰਾਗੀ ਫਿਰੂਕਾ ਵਿੱਚ ਪਹਿਲਾਂ ਹੀ ਖਾਲਸਾ ਸਕੂਲ ਖੋਲ੍ਹ ਚੁਕੇ ਸਨ। ਇਸ ਜੱਥੇ ਨੇ ਸਰਗੋਧਾ ਸ਼ਾਹਪੁਰ ਤੇ ਮਿੱਠਾ-ਟਿਵਾਣਾ ਵਿੱਚ ਹਾਈ ਸਕੂਲ ਖੋਲ੍ਹਣ ਦਾ ਉੱਦਮ ਕੀਤਾ। ਇਸ ਜੱਥੇ ਨੇ ਆਪਣੇ ਯਤਨਾਂ ਨਾਲ ਸਰਗੋਧੇ ਵਿਚ ਖਾਲਸਾ ਕਾਲਜ ਦੀ ਨੀਂਹ ਰੱਖ ਦਿੱਤੀ ਤੇ ਇਮਾਰਤ ਬਣਨੀ ਸ਼ੁਰੂ ਹੋ ਗਈ।

ਖਾਲਸਾ ਸਕੂਲ ਸਰਗੋਧਾ ਬਾਰੇ ਇਕ ਵਚਿੱਤਰ-ਘਟਨਾ ਦਾ ਜ਼ਿਕਰ ਕਰਨਾ ਕੁਥਾਂ ਨਹੀਂ ਹੋਵੇਗਾ। ਭਾਈ ਸੁੱਧ ਸਿੰਘ ਜੀ ਨੇ ਸਕੂਲ ਦੀ ਇਮਾਰਤ ਜਲਦੀ ਤਿਆਰ ਕਰਾਉਣ ਲਈ, ਆਪਣੇ ਸੀਮਤ ਸਾਧਨਾਂ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ, ਇਕ ਵਪਾਰੀ ਪਾਸੋਂ ਕੁਝ ਕਰਜ਼ਾ ਵੀ ਲੈ ਰੱਖਿਆ ਸੀ। ਉਸ ਨੇ ਭਾਈ ਸਾਹਿਬ ਦੇ ਘਰ ਆ ਕੇ ਕੁਝ ਅਬਾ-ਤਬਾ ਵੀ ਬੋਲਿਆ। ਭਾਈ ਸਾਹਿਬ ਨੇ ਇਹ ਕਰਜ਼ਾ ਆਪਣੀ ਜ਼ਾਤ ਜਾਂ ਆਪਣੇ ਪ੍ਰਵਾਰ ਲਈ ਤਾਂ ਲਿਆ ਨਹੀਂ ਸੀ। ਉਨ੍ਹਾਂ ਦੇ ਹਿਰਦੇ ਵਿੱਚ ਤਾਂ ਇਹ ਚਾਅ ਸੀ ਕਿ ਸਕੂਲ ਛੇਤੀ ਬਣੇ ਤੇ ਕੌਮ ਦੇ ਬੱਚੇ ਇਸ ਤੋਂ ਲਾਭ ਪ੍ਰਾਪਤ ਕਰ ਸਕਣ। ਉਹਨਾਂ ਨੂੰ ਵਿਦਿਆ ਪ੍ਰਾਪਤੀ ਲਈ ਘਰੋਂ ਬਾਹਰ ਨਾ ਜਾਣਾ ਪਵੇ।

ਉਸ ਵਾਪਾਰੀ ਨੇ ਆਪਣੀ ਰਕਮ ਦੀ ਵਸੂਲੀ ਲਈ ਭਾਈ ਸੁੱਧ ਸਿੰਘ ਜੀ ਨੂੰ ਇਤਨਾ ਜਿਚ ਕਰ ਦਿੱਤਾ ਕਿ ਉਨ੍ਹਾਂ ਨੂੰ ਆਪਣਾ ਦੋ-ਮੰਜਲਾ ਮਕਾਨ ਗਿਰਵੀ ਰੱਖ ਕੇ ਉਸ ਵਾਪਾਰੀ ਦਾ ਕਰਜ਼ਾ ਲਾਹੁਣਾ ਪਿਆ। ਇਹ ਬਹੁਤ ਵੱਡੀ ਕੁਰਬਾਨੀ ਸੀ, ਜੋ ਭਾਈ ਸਾਹਿਬ ਨੇ ਕੌਮ ਦੀ ਪਨੀਰੀ ਖਾਤਰ ਕੀਤੀ। ਆਪ ਨੇ ਆਪਣੀ ਜਾਇਦਾਦ ਦਾ ਮੋਹ ਨਾ ਕੀਤਾ, ਕੌਮ ਦੀ ਪ੍ਰੰਗਰਵੀ-ਜਵਾਨੀ ਲਈ ਵਿਦਿਅਕ-ਖੇਤਰ ਵਿੱਚ ਭਰਪੂਰ ਯੋਗਦਾਨ ਪਾਇਆ।

ਆਪ ਆਪਣੇ ਜੱਥੇ ਸਮੇਤ ਸਕੂਲ ਵਾਸਤੇ ਫੰਡ ਇਕੱਤਰ ਕਰਨ ਲਈ ਬਰ੍ਹਮਾ ਚਲੇ ਗਏ।

ਜਦੋਂ ਭਾਈ ਸੁੱਧ ਸਿੰਘ ਜੀ ਦੇ ਧਰਮ ਭਰਾ ਭਾਈ ਹੀਰਾ ਸਿੰਘ ਜੀ ਰਾਗੀ ਫਿਰੂਕਾ ਵਾਲਿਆਂ ਨੂੰ ਇਸ ਘਟਨਾ ਦਾ ਪਤਾ ਲੱਗਾ ਤਾਂ ਆਪਦੇ ਕੋਮਲ-ਹਿਰਦੇ 'ਤੇ ਸੱਟ ਵੱਜੀ। ਉਹ ਚੁੱਪ-ਚਪੀਤੇ ਆਪਣੇ ਜੱਥੇ ਸਮੇਤ ਸਰਗੋਧੇ ਆ ਗਏ ਤੇ ਗੁਰਦੁਆਰੇ ਵਿੱਚ ਕੀਰਤਨ ਕਰਨਾ ਸ਼ੁਰੂ ਕਰ ਦਿੱਤਾ। ਕੁਝ ਦਿਨਾਂ ਪਿਛੋਂ ਆਪਨੇ ਬੜੀ ਉਦਾਸ ਪਰ ਭਰੋਸੇ-ਭਰੀਸੁਰ ਵਿੱਚ ਸਰਗੋਧੇ ਦੀ ਸੰਗਤ ਨੂੰ ਵੰਗਾਰਿਆ ਤੇ ਕਰੁਣਾਮਈ ਸੁਰ ਵਿੱਚ ਸਰਗੋਧਾ ਨਿਵਾਸੀ ਸਿੱਖਾਂ ਨੂੰ ਦੱਸਿਆ ਕਿ ਭਾਈ ਸੁੱਧ ਸਿੰਘ ਨੇ ਆਪਣਾ ਦੋ-ਮੰਜਲਾ ਮਕਾਨ

* 165 ਹਾਊਸਿੰਗ ਬੋਰਡ ਕਾਲੋਨੀ, ਅੰਮ੍ਰਿਤਸਰ

ਗਿਰਵੀ ਰੱਖ ਕੇ, ਸਕੂਲ ਵਾਸਤੇ ਕਰਜ਼ ਲਈ ਰਕਮ ਦਾ ਭੁਗਤਾਨ ਉਸ ਵਪਾਰੀ ਨੂੰ ਕੀਤਾ ਹੈ। ਇਹ ਸੁਣਕੇ ਸੰਗਤ ਵਿੱਚ ਸੰਨਾਟਾ ਛਾ ਗਿਆ। ਭਾਈ ਸਾਹਿਬ ਨੇ ਦੁਖੀ ਹੋ ਕੇ ਕਿਹਾ ਕਿ ਮੈਂ ਉਦੋਂ ਤੱਕ ਇਥੋਂ ਨਹੀਂ ਉਠਾਂਗਾ, ਜਦੋਂ ਤੱਕ ਸਿੱਖ-ਸੰਗਤਾਂ ਭਾਈ ਸੁੱਧ ਸਿੰਘ ਦੇ ਮਕਾਨ ਦੀ ਰਜਿਸਟਰੀ ਮੈਨੂੰ ਵਾਪਸ ਲਿਆਕੇ ਨਹੀਂ ਦਿੰਦੀਆਂ। ਸਚਮੁੱਚ ਉਹ ਉਥੋਂ ਤਾਂ ਹੀ ਉਠੇ, ਜਦੋ ਸਰਗੋਧਾ ਦੀ ਸਾਧ ਸੰਗਤ ਨੇ ਲੋੜੀਂਦੀ ਰਕਮ ਸ਼ਾਹੂਕਾਰ ਨੂੰ ਦੇਕੇ ਮਕਾਨ ਦੀ ਰਜਿਸਟਰੀ ਵਾਪਸ ਲਿਆਂਦੀ। ਜੇ ਭਾਈ ਸੁੱਧ ਸਿੰਘ ਸੁੱਧ ਹਿਰਦੇ ਵਾਲੇ ਤੇ ਕੁਰਬਾਨੀ ਦੇ ਮੁਜੱਸਮੇਂ ਸਨ ਤਾਂ ਭਾਈ ਹੀਰਾ ਸਿੰਘ ਜੀ ਵੀ ਕੌਮ ਦੇ ਹੀਰੇ ਸਨ।

ਭਾਈ ਸੁੱਧ ਸਿੰਘ ਜੀ ਦੀ ਇਸ ਲਾਸਾਨੀ ਕੁਰਬਾਨੀ ਬਾਰੇ ਸੁਣ ਕੇ ਸਰਗੋਧਾ-ਨਿਵਾਸੀਆਂ ਨੇ ਫੈਸਲਾ ਕੀਤਾ ਕਿ ਜਦੋਂ ਭਾਈ ਸੁੱਧ ਸਿੰਘ ਪ੍ਰਧਾਨ ਸਿੰਘ ਜੀ ਦਾ ਰਾਗੀ-ਜਥਾ ਬਰ੍ਹਮਾ ਤੋਂ ਵਾਪਸ ਆਵੇ ਤਾਂ ਉਨ੍ਹਾਂ ਦੀ ਕੀਤੀ ਕੁਰਬਾਨੀ ਦੇ ਸਤਿਕਾਰ ਵਜੋਂ ਉਹਨਾਂ ਨੂੰ ਸਰਗੋਧਾ ਸ਼ਹਿਰ ਵਿੱਚ ਬੜੇ ਆਦਰ-ਮਾਣ-ਸਤਿਕਾਰ ਨਾਲ, ਜਲੂਸ ਦੀ ਸ਼ਕਲ ਵਿੱਚ ਪਰਵੇਸ਼ ਕਰਾਇਆ ਜਾਵੇ। ਪਰ ਬਲਿਹਾਰ ਜਾਈਏ ਭਾਈ ਸੁੱਧ ਸਿੰਘ ਭਾਈ ਪ੍ਰਧਾਨ ਸਿੰਘ ਦੇ ਰਾਗੀ ਜੱਥੇ ਤੋਂ, ਉਹ ਬਿਨਾ ਦੱਸੇ, ਚੁੱਪ-ਚਾਪ ਰਾਤ ਨੂੰ ਆ ਕੇ, ਸਵੇਰੇ ਗੁਰਦੁਆਰਾ ਸਾਹਿਬ ਵਿੱਚ, 'ਆਸਾ ਦੀ ਵਾਰ" ਦਾ ਕੀਰਤਨ ਕਰਨ ਲੱਗ ਪਏ। ਸੰਗਤਾਂ ਅਚੰਭਿਤ ਹੋ ਗਈਆਂ। ਭਾਈ ਸੁੱਧ ਸਿੰਘ ਭਾਈ ਪ੍ਰਧਾਨ ਸਿੰਘ ਦੇ ਜੱਥੇ ਦੀ ਇਹ ਅਨੋਖੀ-ਅਦਾ ਸੀ ਕਿ ਕੀਰਤਨ ਕਰਨ ਲਈ ਮੋਖ-ਲੈਣ ਦਾ ਕਦੇ ਵੀ ਪਹਿਲੋਂ ਫੈਸਲਾ ਨਹੀਂ ਸਨ ਕਰਦੇ, ਜੋ ਸਹਿਜ-ਸੁਭਾਇ ਸੰਗਤਾਂ ਵਲੋਂ ਭੇਟਾ ਕੀਤੀ ਜਾਂਦੀ, ਖੁਸ਼ੀ-ਖੁਸ਼ੀ ਪ੍ਰਵਾਨ ਕਰਦੇ ਸਨ। ਉਸ ਸਮੇਂ ਦੀਆਂ ਸਿੱਖਾਂ ਵਿਚੋਂ ਉੱਘੀਆਂ ਹਸਤੀਆਂ ਭਾਈ ਵੀਰ ਸਿੰਘ ਜੀ, ਸੇਠ ਸੰਗਤ ਸਿੰਘ ਜੀ ਕਮਾਲੀਏ ਵਾਲੇ, ਸਰ ਸੁੰਦਰ ਸਿੰਘ ਮਜੀਠਿਆ, ਮਲਿਕ ਤੇਜਾ ਸਿੰਘ, ਮਲਿਕ ਹਰਦਿੱਤ ਸਿੰਘ, ਸ੍. ਉਜੱਲ ਸਿੰਘ, ਸਰ ਸੋਭਾ ਸਿੰਘ, ਸ. ਸੁੰਦਰ ਸਿੰਘ ਧੁਪੀਆ, ਪ੍ਰੋ. ਪੂਰਨ ਸਿੰਘ, ਭਾਈ ਅਰਦਮਨ ਸਿੰਘ ਬਾਗੜੀਆ, ਸ੍. ਅਰਜਨ ਸਿੰਘ ਰਾਏ, ਬਹਾਦਰ ਮੋਹਨ ਸਿੰਘ ਉਬਰਾਏ ਇਸ ਰਾਗੀ ਜੱਥੇ ਦੇ ਬੜੇ ਸ਼ਰਧਾਲੂ ਸਨ। ਇਹਨਾਂ ਦੇ ਪਰਵਾਰਾਂ ਵਿੱਚ ਖੁਸ਼ੀ- ਗਮੀ ਦੇ ਅਵਸਰਾਂ ਤੇ ਇਹ ਜੱਥਾ ਹੀ ਆਦਰ ਨਾਲ ਬੁਲਾਇਆ ਜਾਂਦਾ ਸੀ। ਕਈ ਵਾਰੀ ਐਸੇ ਪਰਵਾਰ ਜਦੋਂ ਗਰਮੀਆਂ ਵਿੱਚ ਪਹਾੜਾਂ 'ਤੇ ਜਾਂਦੇ ਤਾਂ ਇਸ ਜੱਥੇ ਨੂੰ ਵੀ ਨਾਲ ਹੀ ਲੈ ਕੇ ਜਾਂਦੇ ਅਤੇ ਕੁਦਰਤ ਦਾ ਅਨੰਦ ਮਾਣਦਿਆਂ ਹੋਇਆਂ, ਕਾਦਰ ਦਾ ਜੱਸ ਵੀ ਸੁਣਦੇ ਰਹਿੰਦੇ।

ਭਾਈ ਪ੍ਰਧਾਨ ਸਿੰਘ ਜੀ ਨੂੰ ਰਾਗ ਸਬੰਧੀ ਭਰਪੂਰ ਜਾਣਕਾਰੀ ਸੀ। ਆਪ ਨੇ ਕੋਹਾਟ ਦੇ ਇਕ ਵਿਦਵਾਨ ਤੇ ਸੰਗੀਤ ਦੇ ਗੁਣਵਾਨ ਪ੍ਰੇਮੀ ਦੀ ਸੇਵਾ ਵਿੱਚ, ਇਕ ਸਾਲ ਰਹਿ ਕੇ, ਇਹ ਗੁਣ ਗ੍ਰਹਿਣ ਕੀਤਾ ਸੀ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਡਾ. ਤਾਰਨ ਸਿੰਘ ਜੀ ਉਚੇਚੇ ਤੌਰ ਤੇ ਦਿੱਲੀ ਭਾਈ ਪ੍ਰਧਾਨ ਸਿੰਘ ਜੀ ਪਾਸ ਗਏ ਤੇ ਉਨ੍ਹਾਂ ਪਾਸੋਂ ਇੱਕ ਘੰਟੇ ਦੀਆਂ ਬੰਦਸ਼ਾਂ ਰੀਕਾਰਡ ਕੀਤੀਆਂ। ਕੁਝ ਸਮੇਂ ਪਿਛੋਂ ਫਿਰ ਦੂਜੀ ਵਾਰੀ, ਉਚੇਚੇ ਤੌਰ ਤੇ ਉਹ ਭਾਈ ਪ੍ਰਧਾਨ ਸਿੰਘ ਜੀ ਪਾਸ ਗਏ ਤੇ ਇੱਕ ਘੰਟੇ ਦੀਆਂ ਹੋਰ ਰੀਤਾਂ ਰੀਕਾਰਡ ਕੀਤੀਆਂ। 1950 ਵਿੱਚ ਐਚ. ਐਮ. ਵੀ. ਵਾਲਿਆਂ ਨੇ ਭਾਈ ਪ੍ਰਧਾਨ ਸਿੰਘ ਤੇ ਉਨ੍ਹਾਂ ਦੇ ਪੁੱਤਰ ਹਰਭਜਨ ਸਿੰਘ 'ਰਤਨ' ਦੀ ਆਵਾਜ਼ ਵਿੱਚ "ਆਸਾ ਦੀ ਵਾਰ" ਬਾਰਾਂ ਰੀਕਾਰਡਾਂ ਭਾਵ 24 ਪਾਸਿਆਂ ਵਿੱਚ ਭਰੀ ਸੀ। ਉਹ ਰੀਕਾਰਡ ਫੇਰ ਪੰਜਾਬ ਸਿੰਧ ਬੈਂਕ ਦੇ ਕਰਤਾ ਧਰਤਾ ਡਾ: ਇੰਦਰਜੀਤ ਸਿੰਘ ਜੀ ਦੇ ਯਤਨਾਂ ਨਾਲ ਆਡੀਓ-ਟੇਪ ਵਿੱਚ ਤਿਆਰ ਕਰਾਏ ਗਏ।

ਪੰਥ ਦੇ ਮਹਾਨ ਕੀਰਤਨੀਏ ਭਾਈ ਹੀਰਾ ਸਿੰਘ ਜੀ ਫਿਰੂਕੇ ਵਾਲੇ ਭਾਈ ਸੁੱਧ ਸਿੰਘ ਜੀ ਨੂੰ ਆਪਣੇ ਸੱਕੇ-ਭਰਾਵਾਂ ਵਾਂਗ ਮੰਨਦੇ ਸਨ। ਉਹ ਕਿਹਾ ਕਰਦੇ ਸਨ "ਭਾਈ ਸੁੱਧ ਸਿੰਘ ਸਹੀ ਅਰਥਾਂ ਵਿਚ ਸੰਤ ਹੈ।" ਭਾਈ ਹੀਰਾ ਸਿੰਘ ਜੀ ਰਾਗੀ ਪੇਟ ਦੇ ਇਕ ਅਸਾਧ-ਰੋਗ ਨਾਲ ਬੀਮਾਰ ਹੋ ਗਏ। ਭਾਈ ਵੀਰ ਸਿੰਘ ਜੀ ਹਸਪਤਾਲ ਵਿੱਚ ਉਨ੍ਹਾਂ ਦੀ ਬੀਮਾਰ-ਪੁਰਸੀ ਲਈ ਗਏ ਤਾਂ ਉਨ੍ਹਾਂ ਭਾਈ ਹੀਰਾ ਸਿੰਘ ਜੀ ਦੀ ਕੋਈ ਇੱਛਾ ਪੁੱਛੀ, ਤਾ ਭਾਈ ਹੀਰਾ ਸਿੰਘ ਜੀ ਨੇ ਕਿਹਾ, 'ਮੇਰੀ ਇੱਛਾ ਹੈ, ਭਾਈ ਸੁੱਧ ਸਿੰਘ ਮੇਰੇ ਅੰਤਲੇ ਸੁਆਸਾਂ ਤੱਕ ਮੇਰੇ ਪਾਸ ਰਹਿਣ।" ਭਾਈ ਵੀਰ ਸਿੰਘ ਜੀ ਨੇ ਜਦੋਂ ਭਾਈ ਹੀਰਾ ਸਿੰਘ ਦੀ ਇੱਛਾ ਭਾਈ ਸੁੱਧ ਸਿੰਘ ਨੂੰ ਦੱਸੀ ਤਾਂ ਉਨ੍ਹਾਂ ਸਭ ਕੰਮ-ਕਾਰ ਛੱਡ ਦਿਤੇ ਅਤੇ ਭਾਈ ਹੀਰਾ ਸਿੰਘ ਪਾਸ ਚਲੇ ਗਏ ਅਤੇ ਉਨ੍ਹਾਂ ਦੀ ਸੇਵਾ-ਸੰਭਾਲ ਕਰਦਿਆਂ ਉਨ੍ਹਾਂ ਨੂੰ ਬਾਣੀ ਸੁਣਾਂਦੇ ਰਹਿੰਦੇ। ਜਦੋ ਭਾਈ ਹੀਰਾ ਸਿੰਘ ਜੀ ਨੇ ਅੰਤਲੇ ਸੁਆਸ ਲਏ ਤਾਂ ਉਨ੍ਹਾਂ ਦਾ ਸੀਸ ਭਾਈ ਸੁੱਧ ਸਿੰਘ ਜੀ ਦੀ ਗੋਦ ਵਿੱਚ ਸੀ। ਇਸੇ ਤਰ੍ਹਾਂ ਵੀਰ ਸਿੰਘ ਜੀ ਦੇ ਅੰਤਲੇ ਸਮੇਂ ਵੀ ਭਾਈ ਸੁੱਧ ਸਿੰਘ ਜੀ ਉਨ੍ਹਾਂ ਪਾਸ ਮੌਜੂਦ ਸਨ ਤੇ ਚਿਤਾ ਉਤੇ ਉਨ੍ਹਾਂ ਦੀ ਮ੍ਰਿਤਕ-ਦੇਹ, ਪਲੰਘ ਸਮੇਤ ਰੱਖ ਕੇ ਸਸਕਾਰ ਤੋਂ ਪਹਿਲਾਂ ਦੀ ਅਰਦਾਸ ਵੀ ਭਾਈ ਸੁੱਧ ਸਿੰਘ ਜੀ ਨੇ ਹੀ ਕੀਤੀ ਸੀ।

ਭਾਈ ਸੁੱਧ ਸਿੰਘ ਭਾਈ ਪ੍ਰਧਾਨ ਸਿੰਘ ਕੇਵਲ ਸ਼੍ਰੋਮਣੀ ਕੀਰਤਨੀਏ ਹੀ ਨਹੀਂ ਸਨ, ਸਗੋਂ ਪਰਉਪਕਾਰੀ ਪੰਥ-ਸੇਵਕ ਵੀ ਸਨ। ਉਹ ਆਪਣੀ ਨੇਕ-ਕਮਾਈ 'ਚੋਂ ਕਈ ਗਰੀਬਾਂ ਦੀ ਮਾਇਕ ਸਹਾਇਤਾ ਕਰਦੇ, ਕਈ ਵਿਧਵਾ-ਇਸਤਰੀਆਂ ਤੇ ਲੋੜਵੰਦ ਬੱਚਿਆਂ ਦੀ ਦੇਖ-ਭਾਲ ਕਰਦੇ। ਖਾਲਸਾ ਸੈਂਟਰਲ ਯਤੀਮਖਾਨਾ ਅੰਮ੍ਰਿਤਸਰ, ਭਾਈ ਵੀਰ ਸਿੰਘ ਬਿਰਧ-ਆਸ਼ਰਮ ਤਰਨਤਾਰਨ ਆਦਿ ਸੰਸਥਾਵਾਂ ਨੂੰ ਦਸਵੰਧ ਦੀ ਰਕਮ ਵਿਚੋਂ ਸਹਾਇਤਾ ਕਰਦੇ। "ਸਪਤਾਹਿਕ ਖਾਲਸਾ ਸਮਾਚਾਰ" ਅਖਬਾਰ ਦੇ ਚੰਦੇ ਆਪਣੇ ਪਾਸੋਂ ਦੇ ਕੇ ਕਈ ਸੰਸਥਾਵਾਂ ਤੇ ਲੋੜਵੰਦ ਵਿਅਕਤੀਆਂ ਲਈ ਅਖਬਾਰ ਜਾਰੀ ਕਰਵਾ ਦਿੰਦੇ। ਉਨ੍ਹਾਂ " ਭਾਈ ਵੀਰ ਸਿੰਘ ਸਾਹਿਤ ਸਦਨ" ਲਈ ਨਿੱਜੀ ਤੌਰ ਤੇ ਗਿਆਰਾਂ ਹਜ਼ਾਰ ਰੁਪਏ ਦੀ ਰਕਮ ਭੇਜੀ ਸੀ।

1969 ਵਿੱਚ, ਗੁਰੂ ਨਾਨਕ ਸਾਹਿਬ ਦੀ ਪੰਜਵੀਂ ਜਨਮ-ਸ਼ਤਾਬਦੀ ਸਮੇਂ, ਪੰਜਾਬ ਸਰਕਾਰ ਨੇ ਇਸ ਜੱਥੇ ਨੂੰ "ਭਾਈ ਮਰਦਾਨਾ" ਪੁਰਸਕਾਰ ਦੇ ਕੇ ਸਨਮਾਨਿਆ ਸੀ। ਇਸ ਜੱਥੇ ਦੇ ਸਤਿਕਾਰਯੋਗ ਭਾਈ ਸਾਹਿਬਾਨ ਨੇ ਆਪ ਨਾਮ ਜੱਪਿਆ, ਸੁੱਚੀ ਕਿਰਤ ਕੀਤੀ ਤੇ ਵੰਡ ਕੇ ਛੱਕਿਆ ਤੇ ਇਸ ਜੱਥੇ ਨੇ ਸੰਗਤਾਂ ਵਿੱਚ ਵੀ ਸਿੱਖੀ ਦੇ ਮੁੱਢਲੇ ਅਸੂਲਾਂ ਦਾ ਪਰਚਾਰ ਕੀਤਾ।

ਇਸ ਜੱਥੇ ਦੇ ਕੀਰਤਨੀਆਂ ਨੇ ਸੱਚੇ-ਸਿੱਖਾਂ ਵਾਲੀ ਨਮੂਨੇ ਦੀ ਰਹਿਣੀ ਬਹਿਣੀ ਰੱਖ ਕੇ ਆਪਣਾ ਜਨਮ ਸਫਲਾ ਕੀਤਾ। ਗੁਰੂ ਅਰਜਨ ਸਾਹਿਬ ਨੇ ਕੀਰਤਨੀਏ ਦੀ ਜੋ ਪਰਿਭਾਸ਼ਾ ਕਾਇਮ ਕੀਤੀ, "ਭਲੋ ਭਲੋ ਰੇ ਕੀਰਤਨੀਆ ॥ ਰਾਮ ਰਮਾ ਰਾਮਾ ਗੁਨ ਗਾਉ ॥ ਛੋਡਿ ਮਾਇਆ ਕੇ ਧੰਧ ਸੁਆਉ ॥" ਉਹ ਪਰਿਭਾਸ਼ਾ ਭਾਈ ਸੁੱਧ ਸਿੰਘ ਭਾਈ ਪ੍ਰਧਾਨ ਸਿੰਘ ਦੇ ਜੱਥੇ ਉਤੇ ਐਨ ਢੁੱਕਦੀ ਹੈ।

# ਰਾਗਾਂ ਦੇ ਵਾਦੀ ਸੰਵਾਦੀ ਸੁਰ

## ਗੁਰਬਖਸ਼ ਸਿੰਘ (ਕਰਤਾ ਰਾਗਾਂਜਲੀ)

ਕੁਝ ਸੁਰ ਸਮੂਹ ਅਤੇ ਖਾਸ ਸੁਰਾਂ ਦਾ ਲਗਾਵ ਜਾਂ ਉਨ੍ਹਾਂ ਤੇ ਠਹਿਰਾਉ ਕਿਸੇ ਰਾਗ ਦੀ ਪਹਿਚਾਣ ਹੁੰਦੀ ਹੈ। ਪ੍ਰਾਚੀਨ ਅਤੇ ਕਈ ਆਧੁਨਿਕ ਸੰਗੀਤ ਸ਼ਾਸਤਰਾਂ ਅਨੁਸਾਰ ਹਰ ਰਾਗ ਦੇ ਦੋ ਸੁਰ ਬਹੁਤ ਮਹੱਤਵਪੂਰਨ ਹੁੰਦੇ ਹਨ : ਵਾਦੀ ਅਤੇ ਸੰਵਾਦੀ। ਰਾਗ ਦੀ ਕਿਸੇ ਬੰਦਿਸ਼ ਵਿਚ ਜਿਸ ਸੁਰ ਤੇ ਜ਼ਿਆਦਾ ਠਹਿਰਿਆ ਜਾਵੇ ਜਾਂ ਉਹ ਸੁਰ ਬਹੁਤ ਵਾਰ ਉਭਰ ਕੇ ਆਉਂਦਾ ਹੋਵੇ, ਉਸ ਨੂੰ ਉਸ ਰਾਗ ਦਾ ਵਾਦੀ ਸੁਰ ਕਿਹਾ ਜਾਂਦਾ ਹੈ। ਆਮ ਤੌਰ ਤੇ ਇਸ ਸੁਰ ਦਾ ਸਪਤਕ ਦੇ ਪਹਿਲੇ ਅੱਧ ਵਿਚ ਜਾਂ ਉਪਰਲੇ ਅੱਧ ਵਿਚ ਹੋਣਾ ਰਾਗ ਦੇ ਗਾਉਣ ਦਾ ਸਮਾਂ ਵੀ ਨਿਯੁਕਤ ਕਰਦਾ ਹੈ। ਇਸ ਸੁਰ ਤੋਂ ਥੋੜਾ ਘੱਟ ਪਰ ਬਾਕੀ ਸੁਰਾਂ ਤੋਂ ਜ਼ਿਆਦਾ ਜਿਸ ਸੁਰ ਦਾ ਪ੍ਰਯੋਗ ਹੁੰਦਾ ਹੈ। ਉਸ ਨੂੰ ਸੰਵਾਦੀ ਸੁਰ ਕਹਿਆ ਜਾਂਦਾ ਹੈ। ਜੇ ਵਾਦੀ ਸੁਰ ਪ੍ਰਧਾਨ ਹੈ ਤਾਂ ਸੰਵਾਦੀ ਸੁਰ ਮੀਤ ਪ੍ਰਧਾਨ ਹੈ। ਵਾਦੀ ਅਤੇ ਸੰਵਾਦੀ ਸੁਰਾਂ ਦੀ ਸੰਗੀਤਕ ਵਿੱਥ ਖਰਜ ਮੱਧਯਮ ਜਾਂ ਖਰਜ-ਪੰਚਮ ਜਿੰਨੀ ਹੁੰਦੀ ਹੈ ਕੁਝ ਕੁ ਰਾਗ ਅਪਵਾਦ ਦੇ ਰੂਪ ਵਿੱਚ ਹੁੰਦੇ ਹਨ ਜਿਵੇਂ ਸ੍ਰੀ, ਮਾਰਵਾ, ਪੂਰੀਆ ਆਦਿ।

ਕਲਿਆਣ ਰਾਗ ਵਿਚ ਨਰਗ - ਰਗ -ਪਮੇਗ-ਰਗਰ - ਨ਼ਰਸ- । ਸਾਫ ਪਤਾ ਲਗਦਾ ਹੈ ਕਿ ਗੰਧਾਰ ਸੁਰ ਉਤੇ ਠਹਿਰਾਊ ਵੀ ਹੈ ਤੇ ਵਾਰ ਵਾਰ ਇਹ ਸੁਰ ਆਉਟ ਕਰਕੇ ਗੰਧਾਰ ਵਾਦੀ ਸੁਰ ਹੈ ਅਤੇ ਇਸ ਤਰਾਂ ਕਰਨ ਨਾਲ ਰਾਗ ਕਲਿਆਨ ਸਾਹਮਣੇ ਆਉਂਦਾ ਹੈ।

ਸਾਰੰਗ ਵਿਚ ਨ਼ਸਰ-ਮਰ-ਪਮਰ-ਨ਼ਰਸ-।ਇਥੇ ਰਿਖਬ ਵਾਦੀ ਸੁਰ ਜ਼ਾਹਰ ਹੁੰਦਾ ਹੈ।ਏਸੇ ਤਰਾਂ ਬਹੁਤ ਸਾਰੇ ਰਾਗ ਹਨ ਜਿਨ੍ਹਾਂ ਦੇ ਆਲਾਪ ਵਿਚ ਪ੍ਰਧਾਨ ਸੁਰ ਪਹਿਚਾਨਣਾ ਕਠਿਨ ਨਹੀ਼ ।ਇਸ ਤਰ੍ਹਾਂ ਉਹ ਸੁਰ ਵਾਦੀ ਅਖਵਾਉਂਦਾ ਹੈ।

ਪਰ ਕੀ ਵਾਦੀ-ਸੰਵਾਦੀ ਸੁਰਾਂ ਦੀ ਨਿਓਕਤੀ ਹਰ ਰਾਗ ਦੀ ਪਹਿਚਾਨ ਹੈ? ਜਾਂ ਕੀ ਉਸ ਰਾਗ ਦੇ ਵਾਦੀ ਸੁਰ ਤੋਂ ਜ਼ਿਆਦਾ ਕਿਸੇ ਹੋਰ ਸੁਰ ਉਤੇ ਠਹਿਰਾਅ ਜਾਂ ਕੋਈ ਹੋਰ ਸੁਰ ਉਭਰ ਕੇ ਸਾਹਮਣੇ ਨਹੀਂ ਆ ਰਿਹਾ ? ਜਿਵੇਂ :

ਬਿਲਾਵਲ - ਸ ਰ ਗ - ਰ ਗ - ਮ ਗ ਰ ਗ - ਗ ਪ ਮ ਗ -ਰ ਗ - ਸ ਮ ਰ ਸ । ਕਿਉਂਕਿ ਮਾਤਰਾ ਅਨੁਸਾਰ ਸਵੇਰ ਦੇ ਰਾਗ ਵਿਚ ਵਾਦੀ ਸੁਰ ਉਪਰਲੇ ਅੱਧ ਸਪਤਕ ਵਿਚ ਹੋਣਾ ਚਾਹੀਦਾ ਹੈ ਤਾਂ ਬਦੋ ਬਦੀ ਗੰਧਾਰ ਦੀ ਥਾਂ ਧੈਵਤ ਨੂੰ ਬਿਲਾਵਲ ਦਾ ਵਾਦੀ ਸੁਰ ਮੰਨ ਲਿਆ ਗਿਆ ਹੈ। ਵੇਖੀਏ ਧੈਵਤ ਕਿਨਾ ਕੁ ਪ੍ਰਧਾਨ ਸੁਰ ਹੈ :ਗ ਪ ਧ ਨੁ ਧ ਪ-ਗ ਪ ਧ ਨ ਸੰ -ਸੰ ਨ ਧ ਨੁ ਧ ਪ - ਧ ਗ ਪ ਮ ਗ-ਰ ਗ ਰ ਸ । ਜਿਸ ਤਰ੍ਹਾਂ ਦਾ ਇਸ ਸੁਰ ਸਮੂੰਹ ਵਿਚ ਧੈਵਤ ਸੁਰ ਦਾ ਲਗਾਵ ਹੈ ਧੈਵਤ ਸੁਰ ਪ੍ਰਧਾਨ ਜਾਂ ਮੀਤ ਪ੍ਰਧਾਨ ਤਾਂ ਕੀ ਸਗੋਂ ਇਹ ਤਾਂ ਅਲਪ ਹੀ ਲਗਦਾ ਹੈ। ਇਹ ਵੀ ਹੋ ਸਕਦਾ ਹੈ ਕਿ ਅਜ ਤੋਂ 2-4 ਸੌ ਸਾਲ ਪਹਿਲਾਂ ਰਾਗ ਬਿਲਾਵਲ ਅਜ ਨਾਲੋ ਕੁਝ ਵੱਖ ਤਰੀਕੇ ਨਾਲ ਗਾਇਆ ਜਾਂਦਾ ਹੋਵੇ, ਤਾਂ ਫਿਰ ਵਾਦੀ-ਸੰਵਾਦੀ ਵੀ ਬਦਲਨੇ ਚਾਹੀਦੇ ਸਨ।

ਹੁਣ ਦੇਖੋ ਦੁਰਗਾ ਰਾਗ : ਸ੍ਰੀ ਭਾਤਖੰਡੇ ਇਸ ਰਾਗ ਦਾ ਚਲਨ ਇਸ ਪ੍ਰਕਾਰ ਦਰਸਾਉਂਦੇ ਹਨ। ਪ -ਮ--ਪ-ਧ-ਮਰ, ਰਸ, ਸਂ ਧ-ਸਂ, ਰਂ ਧ, ਸਂ, ਧ-ਧ-ਮਰ-ਪ

*(Continued on Page 25)*

## ਰਾਗ- ਮਧੂਵੰਤੀ

ਗੁਰਬਖ਼ਸ਼ ਸਿੰਘ (ਕਰਤਾ ਰਾਗਾਂਜਲੀ) WWW.GURBANIRAAGS.COM

ਓਢਵ ਸੰਪੂਰਨ ਆਧੁਨਿਕ ਰਾਗ ਮਧੂਵੰਤੀ ਦੇ ਆਰੋਹ ਵਿੱਚ ਰਿਖਬ ਅਤੇ ਧੈਵਤ ਵਰਜਤ ਹਨ। ਇਸ ਵਿੱਚ ਗੰਧਾਰ ਕੋਮਲ, ਮੱਧਯਮ ਤੀਵਰ ਅਤੇ ਬਾਕੀ ਸੁਰ ਸ਼ੁੱਧ ਹਨ। ਇਸ ਸ਼ਾਮ ਵੇਲੇ ਦੇ ਰਾਗ ਵਿੱਚ ਪੰਚਮ ਵਾਦੀ ਅਤੇ ਖਰਜ ਸੰਵਾਦੀ ਦੱਸਿਆ ਜਾਂਦਾ ਹੈ। ਪੰਡਤ ਪਟਵਰਧਨ ਜੀ ਇਸ ਰਾਗ ਦਾ ਨਾਮ 'ਅੰਬਿਕਾ' ਵੀ ਦੱਸਦੇ ਹਨ। ਕਈ ਵਿਦਵਾਨ ਇਸ ਰਾਗ ਵਿੱਚ ਦੋਵੇਂ ਨਿਖਾਦ ਵਰਤਦੇ ਹਨ ਪਰ ਉਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ। ਦਲੀਪ ਚੰਦਰ ਬੇਦੀ ਜੀ ਅਨੁਸਾਰ ਮਧੂਵੰਤੀ ਵਿੱਚ ਦੋਵੇਂ ਨਿਖਾਦ ਲਾਉਣ ਨਾਲ ਰਾਗ 'ਤੁਖਾਰੀ' ਬਣ ਜਾਵੇਗਾ। ਰਾਗ ਤੁਖਾਰੀ ਨੂੰ 7/8 ਤਰੀਕਿਆਂ ਨਾਲ ਗਾਇਆ ਜਾਂਦਾ ਹੈ, ਕਿਹੜਾ ਤੁਖਾਰੀ ਪਰਮਾਣਿਕ ਹੈ ਤੇ ਕਿਹੜਾ ਨਹੀਂ। ਕਹਿਣ ਦਾ ਭਾਵ ਹੈ ਕਿ ਤੁਖਾਰੀ ਤੋਂ ਬਚਣ ਵਾਸਤੇ ਮਧੂਵੰਤੀ ਵਿੱਚ ਸ਼ੁੱਧ ਨਿਖਾਦ ਹੀ ਉਚਿਤ ਹੈ। ਮਧੂਵੰਤੀ ਦੇ ਆਰੋਹ ਵਿੱਚ ਗੰਧਾਰ ਅਲਪ ਹੈ ਅਤੇ ਨਿਖਾਦ ਤੋਂ ਤਾਰ ਖਰਜ ਤੇ ਜਾਂਦਿਆਂ ਨਿਖਾਦ ਤੇ ਠਹਿਰਾਓ ਹੈ। ਅਵਰੋਹ ਵਿੱਚ ਰਿਖਬ ਤੇ ਖਰਜ ਦਾ ਕਣ ਅਤੇ ਆਰੋਹ, ਅਵਰੋਹ ਵਿੱਚ ਗੰਧਾਰ ਤੇ ਤੀਵਰ ਮੱਧਯਮ ਦਾ ਕਣ ਰਾਗ ਦੀ ਸੁੰਦਰਤਾ ਵਧਾਉਂਦਾ ਹੈ।

**ਚਾਲ:** ਨ਼ ਸ, ਨ਼ ਸ ਗੁ ਰ ਸ, ਗੁ ਰ ਸ ਨ਼ ਧ਼ ਪ਼ - ਪ਼ ਨ਼ - ਸ, ਸ - ਗੁ ਮ॑ ਪ - ਮ॑ ਪ [ਮ]ਗੁ - ਮ॑ ਗੁ [ਸ]ਰ - ਸ, ਸ [ਮ]ਗੁ ਮ॑ ਪ - ਗੁ ਮ॑ ਪ ਨ - ਧ - ਪ - ਮ॑ ਪ [ਮ]ਗੁ - [ਸ]ਰ - ਸ, ਮ॑ ਗੁ ਮ॑ ਪ ਨ - ਸੰ, ਪ ਨ ਸੰ - [ਮ]ਗੁੰ ਰੰ - ਸੰ, ਗੁੰ ਰੰ ਸੰ ਨ ਧ ਪ - ਪ ਧ ਮ॑ ਪ ਗੁ ਮ॑ ਪ ਗੁ ਮ॑ ਪ ਨ ਧ ਪ - ਧ ਮ॑ ਪ ਗੁ - [ਸ]ਰ - ਸ, [ਸ]ਰ ਨ਼ - ਧ਼ ਪ਼ - ਨ਼ - ਪ਼ ਨ਼ ਸ [ਮ]ਗੁ ਰ - ਸ।

# ਮਧੁਵੰਤੀ (ਰੂਪਕ ਤਾਲ)

ਨਾਸਰੋ ਮਨਸੂਰ ਗੁਰੁ ਗੋਬਿੰਦ ਸਿੰਘ ॥ ਏਜ਼ਦੀ ਮਨਜ਼ੂਰ ਗੁਰੁ ਗੋਬਿੰਦ ਸਿੰਘ ॥
ਹੱਕ ਰਾ ਗੰਜ਼ੂਰ ਗੁਰੁ ਗੋਬਿੰਦ ਸਿੰਘ ॥ ਜੁਮਲਾ ਫ਼ੈਜ਼ਿ ਨੂਰ ਗੁਰੁ ਗੋਬਿੰਦ ਸਿੰਘ ॥
ਹੱਕ ਹੱਕ ਆਗਾਹ ਗੁਰੁ ਗੋਬਿੰਦ ਸਿੰਘ ॥ ਸ਼ਾਹਿ ਸ਼ਾਹਨਸ਼ਾਹ ਗੁਰੁ ਗੋਬਿੰਦ ਸਿੰਘ ॥
ਬਰ ਦੋ ਆਲਮ ਸ਼ਾਹ ਗੁਰੁ ਗੋਬਿੰਦ ਸਿੰਘ ॥ ਖ਼ਸਮ ਰਾ ਜਾਂ ਕਾਹ ਗੁਰੁ ਗੋਬਿੰਦ ਸਿੰਘ ॥

## ਅਸਥਾਈ

| | | | | | | | | | | | | | |
|---|---|---|---|---|---|---|---|---|---|---|---|---|---|
| ਪ | ਮੰ | ਪ | ਗੁ | _ | ਰ | ਸ | ਰ | – | ਸ | ਨ਼ | ਨ਼ | ਸ | – |
| ਨਾ | ऽ | ਸ | ਰੋ | ऽ | ਮ | ਨ | ਸੂ | ऽ | ਰ | ਗੁ | ਰ | ਗੋ | ऽ |
| (ਮੰ)ਗੁ | – | ਮੰ | ਪ | – | – | ਪ | ਪ | ਮੰ | ਪ | ਗੁ | – | ਮੰ | ਪ |
| ਬਿ | ऽ | ਦ | ਸਿ | ऽ | ऽ | ਘ | ਏ | ऽ | ਜ | ਦੀ | ऽ | ਮ | ਨ |
| ਧ | – | ਧ | ਪ | ਧ | ਮੰ | ਪ | (ਮੰ)ਗੁ | – | ਮੰ | ਪ | – | – | ਪ |
| ਜੂ | ऽ | ਰ | ਗੁ | ਰ | ਗੋ | ऽ | ਬਿ | ऽ | ਦ | ਸਿ | ऽ | ऽ | ਘ |
| x | | | 2 | | 3 | | x | | | 2 | | 3 | |

## ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਪ | ਮੰ | ਪ | ਗੁ | ਮੰ | ਪ | ਨ | ਸੰ | ਸੰ | – | ਗੁੰ | ਰੰ | ਨ | ਸੰ |
| ਹ | ऽ | ਕ | ਹ | ऽ | ਕ | ਆ | ਗਾ | ਹ | – | ਗੁ | ਰ | ਗੋ | ऽ |
| ਨ | ਧ | ਪਧੁ | ਪ | ਮੰ | ਗੁ | ਰ | ਸ | ਰ | ਨ਼ | (ਮੰ)ਗੁ | – | ਮੰ | ਧ |
| ਬਿ | ऽ | ਦੁऽ | ਸਿ | ऽ | ऽ | ਘ | ਸ਼ਾ | ऽ | ਹਿ | ਸ਼ਾ | ऽ | ਹਿ | ਨ |
| ਪ | ਪ | – | (ਮੰ)ਗੁ | ਗੁ | ਰ | ਸ | ਰ | ਨ਼ | ਨ਼ | ਸ | – | – | ਸ |
| ਸ਼ਾ | ਹ | ऽ | ਗੁ | ਰ | ਗੋ | ऽ | ਬਿ | ऽ | ਦ | ਸਿ | ऽ | ऽ | ਘ |
| x | | | 2 | | 3 | | x | | | 2 | | 3 | |

***(Continued from Page 22)***

ਇਨਾਂ ਸੁਰਾਂ ਤੋਂ ਕਉਣ ਕਹਿ ਸਕਦਾ ਹੈ ਕਿ ਦੁਰਗਾ ਦਾ ਪ੍ਰਧਾਨ ਜਾਂ ਵਾਦੀ ਸੁਰ ਮੱਧਯਮ ਹੈ। ਸਿਰਫ ਇਹੀ ਨਹੀਂ, ਸੰਗੀਤ ਵਿਦਵਾਨ ਵੀ ਕਈ ਵਾਰੀ ਆਪਸ ਵਿਚ ਸਹਿਮਤ ਨਹੀਂ ਹੁੰਦੇ ਕਿ ਵਾਦੀ ਸੰਵਾਦੀ ਸੁਰ ਕਿਹੜੈ ਹਨ ।

ਪੂਰੀਆ ਕਲਿਆਨ : ਸ-ਪ (ਬਹੁ ਸੰਮਤੀ, ਗ -ਨ (ਰਾਮ ਰੰਗ)

ਭੀਮ : ਸ-ਪ ਜਾਂ ਪ-ਸ

ਪਲਾਸੀ: ਇਸ ਦਾ ਵਾਦ -ਸੰਵਾਦ ਸ੍ਰੀ ਭਾਤਖੰਡੇ ਨਹੀਂ ਦਸਦੇ

ਗਉੜੀ : ਰ-ਪ (ਭਾਤਖੰਡੇ), ਮ-ਸ (ਪਟਵਰਧਨ)

ਰੇਵਾ : ਸ -ਪ (ਭਟਵਰਧਨ), ਸ੍ਰੀ ਭਾਤਖੰਡੇ ਨਹੀਂ ਦਸਦੇ ।

ਰਾਗੇਸ਼ਰੀ : ਧ-ਗ (ਪਟਵਰਧਨ), ਗ-ਨ (ਭਾਤਖੰਡੇ), ਮ-ਸ (ਰਾਮ ਰੰਗ) ਅਤੇ ਸ-ਮ ਕੁਝ ਹੋਰ ਗੁਣੀ :

ਅਚਾਰੀਆ ਬ੍ਰਹਸਪਤੀ ਕਿਰਤ ' ਰਾਗ ਰਹੱਸਯ' ਸਫਾ 23 ਵਿਚ ਇਸ ਤਰਾਂ ਲਿਖਿਆ ਹੈ : " ਸਦਾਰੰਗ ਪ੍ਰਪਰਾ ਮੇਂ ਪ੍ਰਤੇਕ ਰਾਗ ਕਾ ਵਾਦੀ ਸ਼ਡਜ ਹੋਤਾ ਹੈ। ਵਹੀਂ ਸੇ ਰਾਗ ਯਾਤਰਾ ਦਾ ਗ੍ਰਹਣ (ਆਰੰਭ) ਕਰਤਾ ਹੈ, ਇਸ ਲੀਏ ਪ੍ਰਤੇਕ ਰਾਗ ਕਾ ਗ੍ਰਹ ਸਵਰ ਭੀ ਸਦਾਰੰਗ ਪ੍ਰੰਪਰਾ ਮੇ ਸ਼ਡਜ ਹੈ। ਪ੍ਰਤੇਕ ਰਾਗ ਕੀ ਸਮਾਪਤੀ ਸ਼ਡਜ ਪਰ ਹੀ ਹੋਤੀ ਹੈ, ਇਸਲੀਏ ਵੋਹੀ ਨਿਆਸ ਸਵਰ ਹੈ" ਇਸ ਪੁਸਤਕ ਵਿਚ 14 ਰਾਗ ਹਨ, ਕਿਸੇ ਵਿਚ ਵੀ ਵਾਦੀ-ਸੰਵਾਦੀ ਦਾ ਜ਼ਿਕਰ ਨਹੀਂ।

ਲੇਖਕ ਰਾਗ ਦਾ ਸਰੂਪ ਵਾਦੀ-ਸੰਵਾਦੀ ਸਰਾਂ ਤੇ ਆਧਾਰਤ ਹੋਣ ਦੇ ਵਿਰੁੱਧ ਨਹੀਂ ਪਰ ਸਿਰਫ ਇਸ ਪੱਧਤੀ ਉਤੇ ਖਾਸ ਜ਼ੋਰ ਦੇਣ ਦੇ ਹੱਕ ਵਿੱਚ ਵੀ ਨਹੀਂ । ਸ੍ਰੀ ਭਾਤਖੰਡੇ ਰਚਿਤ ਕਰਾਮਿਕ ਪੁਸਤਕ ਮਾਲਿਕਾ ਭਾਗ 5 ਅਤੇ 6 ਵਿਚ ਬੁਹੁਤ ਸਾਰੇ ਰਾਗ ਹਨ ਜਿਨ੍ਹਾਂ ਦੇ ਵਾਦੀ-ਸੰਵਾਦੀ ਸੁਰ ਨਹੀਂ ਦਰਸਾਏ ਗਏ ਪਰ ਰਾਗ ਦਾ ਚਲਨ ਜਾਂ ਉਠਾਵ ਜ਼ਰੂਰ ਦਿੱਤਾ ਹੋਇਆ ਹੈ ।

ਕਿਸੇ ਇਨਸਾਨ ਦੀ ਸ਼ਨਾਖਤ ਕਰਨ ਵਾਸਤੇ ਉਸਦੇ ਗੁਣ ਅਉਗੁਣ ਸਹਾਈ ਨਹੀਂ ਹੋਣਗੇ, ਉਸਦਾ ਮੁਹਾਂਦਰਾ, ਚਾਲ ਢਾਲ ਦਸਣ ਦੀ ਲੋੜ ਹੈ। ਇੱਕ ਚੰਗਾ ਸਰੋਤਾ ਜਿਸ ਨੂੰ ਸ਼ੁੱਧ, ਕੋਮਲ ਆਦਿ ਸੁਰਾਂ ਦਾ ਬਿਲਕੁਲ ਗਿਆਨ ਨਹੀਂ ਪਰ ਜਦੋਂ ਉਹ ਕੋਈ ਰਾਗ ਪਹਿਚਾਨ ਜਾਂਦਾ ਹੈ ਤਾਂ ਉਹ ਉਸ ਰਾਗ ਦੀ ਸਮੁੱਚੀ ਧੁਨ ਤੋਂ ਰਾਗ ਪਹਿਚਾਨਦਾ ਹੈ।

ਹੁਣ ਦੇਖੋ ਦੁਰਗਾ ਰਾਗ : ਸ੍ਰੀ ਭਾਤਖੰਡੇ ਇਸ ਰਾਗ ਦਾ ਚਲਨ ਇਸ ਪ੍ਰਕਾਰ ਦਰਸਾਉਂਦੇ ਹਨ। ਪ -ਮ--ਪ-ਧ-ਮਰ, ਰਸ, ਸਂ ਧ-ਸਂ, ਰਂ ਧ, ਸਂ, ਧ-ਧ-ਮਰ-ਪ